# ਸਮਤਾ

ਮਾਰਚ 1981 (ਅੰਕ 10)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਾਰਚ, 1981

10

ਮੁਲ ਦੋ ਰੁਪਏ

## ਇਸ ਅੰਕ ਵਿਚ :

ਐਡੀਟਰੀ : ਸਾਡਾ ਵਿਧਾਨ ਤੇ ਸ਼ਹਿਰੀ ਆਜ਼ਾਦੀ
ਛੇਵੀਂ ਪੰਜ ਸਾਲਾ ਪਲਾਨ

ਇਕ ਖਤ : ਭਗਵਾਨ ਸਿੰਘ ਦਾਨੇਵਾਲੀਆ ਦਾ ਚੀਫ ਮਨਿਸਟਰ ਦੇ ਨਾਂ

ਕਹਾਣੀਆਂ : ਜਸਵੰਤ ਸਿੰਘ ਵਿਰਦੀ, ਅਤਰਜੀਤ, ਮਨੀਸ਼ ਰਾਏ
(ਅਨੁਵਾਦ : ਹਰਪਾਲ ਜੀਤ ਪਾਲੀ)

ਕਵਿਤਾਵਾਂ : ਸੁਖਦੇਵ ਸਿੱਧੂ, ਧਰਮ ਕਮੇਆਣਾ, ਜਸਬੀਰ ਸਿੰਘ ਸਰਨਾ

ਸਾਡੀ ਸੇਹਤ : ਡਾ: ਅਮਰ ਸਿੰਘ ਆਜ਼ਾਦ

ਕਹਾਣੀ ਬਿਨ ਸਿਰਲੇਖ : ਨਹੀਂ ਰੀਸਾਂ ਸਾਡੀ ਸਰਕਾਰ ਦੀਆਂ

ਇਹ ਹਮਾਰਾ ਜੀਵਣਾ : ਗੱਲ ਅੱਗੇ ਤੁਰਦੀ ਹੈ, ਨਾਗਾ ਭੂਸ਼ਨ ਭਟਨਾਇਕ, ਲਾਨਬੀ ਬਾਅਦੀ
ਟੱਕਰ : ਕ੍ਰਾਂਤੀਕਾਰੀ ਸਰੋਦੀ ਸਾਹਿਤ ਵਿਚ ਇਕ ਨਿੱਘਰ ਵਾਧਾ

ਪਾਠਕੀ :

**ਐਡੀਟਰ : ਗੁਰਸ਼ਰਨ ਸਿੰਘ**

# ਐਡੀਟਰੀ :

## ਸਾਡਾ ਵਿਧਾਨ ਤੇ ਸ਼ਹਿਰੀ ਆਜ਼ਾਦੀ :

ਦੇਸ਼ ਵਿਚ ਕੁਝ ਗੱਲਾਂ ਐਸੀਆਂ ਵਾਪਰ ਰਹੀਆਂ ਹਨ ਜਿਨ੍ਹਾਂ ਬਾਰੇ ਪੜ੍ਹੇ ਲਿਖੇ ਲੋਕਾਂ ਲਈ ਆਪਣੀ ਰਾਏ ਬਨਾਉਣੀ ਜ਼ਰੂਰੀ ਹੈ, ਅਤੇ ਇਹਨਾਂ ਗੱਲਾਂ ਨੂੰ ਵੱਧ ਤੋਂ ਵੱਧ ਲੋਕਾਂ ਵਿਚ ਲਿਜਾਣਾ ਜਿਹਨਾਂ ਕੋਲ ਹਾਲੇ ਇਹ ਮਾਮਲੇ ਸਮਝਣ ਦੀ ਸਹੂਲਤ ਨਹੀਂ, ਇਹ ਪੜ੍ਹੇ ਲਿਖੇ ਲੋਕਾਂ ਦਾ ਫਰਜ਼ ਹੈ । ਇਹ ਗੱਲਾਂ ਦੇਸ਼ ਦੇ ਵਿਧਾਨ ਬਾਰੇ ਹਨ ਜਿਹਦੇ ਲਿਖੇ ਸ਼ਬਦਾਂ ਉੱਤੇ ਦੇਸ਼ ਦੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਅਤੇ ਮੌਤ ਦਾ ਦਾਰੋ-ਮਦਾਰ ਹੈ। ਦੇਸ਼ ਦਾ ਵਿਧਾਨ ਅੱਗੇ ਬਹੁਤਾ ਬਹਿਸ ਅਧੀਨ ਨਹੀਂ ਸੀ ਆਇਆ ਕਿਉਂਕਿ ਇਹ ਵਿਚਾਰ ਬਣਿਆ ਹੋਇਆ ਸੀ ਕਿ ਵਿਧਾਨ ਬਨਾਉਣ ਵਾਲੇ ਸਾਡੇ ਮੰਨੇ ਹੋਏ ਸਤਿਕਾਰ ਯੋਗ ਨੇਤਾ ਸਨ ਜਿਨ੍ਹਾਂ ਵਿਚ ਡਾਕਟਰ ਅੰਬੇਦਕਾਰ ਜੀ ਦਾ ਨਾਂ ਸਾਰਿਆਂ ਨਾਲੋਂ ਪ੍ਰਮੁੱਖ ਸੀ। ਪਰ ਪਿਛਲੇ ਕੁਝ ਸਾਲਾਂ ਵਿਚ ਜੋ ਕੁਝ ਵਾਪਰਿਆ ਹੈ, ਉਹਨੇ ਸਾਨੂੰ ਇਹ ਸਵਾਲ ਕਰਨ ਤੇ ਮਜਬੂਰ ਕਰ ਦਿਤਾ ਹੈ ਕਿ ਜਿਹੜੇ ਵਿਧਾਨ ਥੱਲੇ ਅਸੀਂ ਜੀ ਰਹੇ ਹਾਂ ਕੀ ਉਹ ਮਨੁੱਖੀ ਕਦਰਾਂ ਕੀਮਤਾਂ ਤੇ ਪੂਰਾ ਉਤਰਦਾ ਹੈ ? ਪਿਛਲੇ ਸਾਲਾਂ ਵਿਚ ਮਨੁੱਖ ਦੋਖੀ ਜਿਹੜੀਆਂ ਘਟਨਾਵਾਂ ਹੋਈਆਂ ਹਨ, ਉਹਨਾਂ ਵਿਚ ਇਕ ਕਥਿਤ 'ਪੁਲੀਸ ਮੁਕਾਬਲੇ' ਹਨ। ਇਹਨਾਂ ਵਿਚ ਬਾਬਾ ਬੂਝਾ ਸਿੰਘ ਵਰਗੇ ਦੇਸ਼ ਭਗਤ ਬਜ਼ੁਰਗ ਇਨਕਲਾਬੀ ਨੂੰ ਅਤੇ ਪੰਜਾਬ ਵਿਚ ਹੀ ਹੋਰ 80 ਦੇ ਕਰੀਬ ਨੌਜਵਾਨਾਂ ਨੂੰ ਪੁਲੀਸ ਮੁਕਾਬਲੇ ਵਿਚ ਸ਼ਰੇਆਮ ਕਤਲ ਕੀਤਾ ਗਿਆ ਅਤੇ ਰੌਲਾ ਪੈਣ ਤੇ ਵੀ ਜਿਊਡਸ਼ਰੀ ਕੋਲ ਕਾਨੂੰਨ ਦੀ ਕੋਈ ਐਸੀ ਧਾਰਾ ਨਹੀਂ ਸੀ ਜਾਂ ਪਰੋਸੀਜ਼ਰ ਨਹੀਂ ਸੀ ਜਿਸ ਨਾਲ ਦੋਸ਼ੀ ਪੁਲਸ ਅਧਿਕਾਰੀਆਂ ਨੂੰ ਕਿਸੇ ਕਚੈਹਰੀ ਵਿਚ ਖੜਾ ਕੀਤਾ ਜਾ ਸਕੇ। ਮੈਂ ਆਪ ਉਹਨਾਂ ਵਿਚੋਂ ਇਕ ਸਾਂ ਜਿਹੜਾ ਦਿੱਲੀ ਅਤੇ ਚੰਡੀਗੜ੍ਹ ਜਾ ਕੇ ਵਡੇ ਵਕੀਲਾਂ ਨੂੰ ਮਿਲਿਆ ਅਤੇ ਪੁਛਿਆ ਕਿ ਇਸ ਸ਼ਰੇਆਮ ਕਤਲ ਬਾਰੇ ਕੋਈ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਜਵਾਬ ਮਾਯੂਸਕੁਨ 'ਨਾਂਹ' ਵਿਚ ਹੀ ਸੀ। ਸਿਰਫ ਇਹ ਸਲਾਹ ਦਿਤੀ ਗਈ ਕਿ ਲੋਕ ਰਾਇ ਨੂੰ ਲਾਮ ਬੰਦ ਕੀਤੇ ਜਾਏ ਤਾਂ ਸ਼ਾਇਦ ਕਾਨੂੰਨ ਹਰਕਤ ਵਿਚ ਆ ਸਕੇ। ਦੂਜੀ ਘਟਨਾ ਮੀਸਾ ਵਰਗੇ ਕਾਨੂੰਨਾਂ ਦਾ ਬਣਨਾਂ ਜਾਂ ਸਮੁੱਚੀ ਐਮਰਜੈਂਸੀ ਦਾ ਏਲਾਨ ਸੀ। ਇਹ ਕਿਹੋ ਜਿਹਾ ਵਿਧਾਨ ਹੈ ਕਿ ਜਿਸਦੀ ਇਕ ਧਾਰਾ ਵਰਤ ਕੇ ਦੇਸ਼ ਦਾ ਕੋਈ ਹੀ ਤਾਨਾਸ਼ਾਹ ਹੁਕਮਰਾਨ ਕ੍ਰੋੜਾਂ ਲੋਕਾਂ ਦੀ ਆਵਾਜ਼ ਖੋਹ ਸਕਦਾ ਹੈ ਅਤੇ ਉਹਨਾਂ ਨੂੰ ਹਰ ਬੁਨਿਆਦੀ ਹੱਕ ਤੋਂ ਵਾਂਜਿਆ ਕਰ ਸਕਦਾ ਹੈ। 34230 ਦੀ ਗਿਣਤੀ ਵਿਚ ਲੋਕਾਂ ਨੂੰ ਬਿਨਾਂ ਕਸੂਰ ਦਸੇ ਜੇਹਲਾਂ ਵਿਚ ਡੱਕ ਦਿਤਾ ਗਿਆ, ਅਤੇ ਜੇ ਕੋਈ ਦੋ ਮਹੀਨੇ ਬਾਅਦ ਕਸੂਰ ਵੀ ਦਸਿਆ ਗਿਆ, ਤਾਂ ਉਹ ਇਤਨਾ ਹਾਸੋ ਹੀਣਾ ਕਿ ਦਸਣ ਸੁਣਨ ਵਾਲਾ ਆਪ ਹੀ ਸ਼ਰਮਸਾਰ ਹੋ ਰਿਹਾ ਹੋਵੇ। ਮੇਰਾ ਜ਼ਾਤੀ ਤਜਰਬਾ ਹੈ ਕਿ ਜਦੋਂ ਮੈਨੂੰ ਐਮਰਜੈਂਸੀ ਵਿਚ ਜੇਹਲ ਪਾਇਆ ਗਿਆ ਤਾਂ 40 ਦਿਨਾਂ ਤਕ ਕੋਈ ਚਾਰਜਸ਼ੀਟ ਨਹੀਂ ਦਿਤਾ ਗਿਆ, ਹਾਲਾਂ ਕਿ ਇਹ ਚਾਰਜਸ਼ੀਟ ਦਿਤਾ ਜਾ ਸਕਦਾ ਸੀ ਕਿ ਤੂੰ ਆਪਣੇ ਨਾਟਕਾਂ ਵਿਚ ਐਮਰਜੈਂਸੀ ਦੇ ਵਿਰੁਧ ਪ੍ਰਚਾਰ ਕਰਦਾ ਹੈ। ਜਦੋਂ ਕਚੈਹਰੀ ਵਿਚ ਇਕ ਪੇਸ਼ੀ ਤੇ ਚਾਰਜਸ਼ੀਟ ਦਿਤੀ ਗਈ ਤਾਂ ਉਹ ਸਾਈਕਲੋ ਸਟਾਇਲ ਸੀ ਅਤੇ ਉਸ ਵਿਚ ਕਿਹਾ ਗਿਆ ਸੀ ਕਿ ਮੁਖਬਰ ਨੇ ਖਬਰ ਦਿਤੀ ਹੈ ਕਿ ਗੁਰਸ਼ਰਨ ਸਿੰਘ ਖਾਲੜੇ ਦੇ ਨੇੜੇ ਇਕ ਪੁਲ ਥੱਲੇ ਨੌਜਵਾਨਾਂ ਨੂੰ ਹਿਦੈਤਾਂ ਦੇ ਰਿਹਾ ਸੀ ਕਿ ਪੁੱਲ ਬੰਬ ਨਾਲ ਕਿਸ ਤਰ੍ਹਾਂ ਉਡਾਇਆ ਜਾਏ। ਸਰਕਾਰੀ ਵਕੀਲ ਦੇ ਇਹ ਪੜ੍ਹਣ ਤੇ ਮਜਿਸਟਰੇਟ ਦੇ ਚਿਹਰੇ ਤੇ ਮੁਸਕਾਨ ਜਹੀ ਆਈ । ਉਹਨੇ ਸਰਕਾਰੀ ਵਕੀਲ ਨੂੰ ਕਿਹਾ ਹੁਣ ਪੁਲ ਤਾਂ ਬਥੇਰੇ ਉਡ ਗਏ ਨੇ, ਹੁਣ ਕੋਈ ਨਵੀਂ ਗਲ ਲਿਖੋ, ਸਰਕਾਰੀ ਵਕੀਲ ਵੀ ਮੁਸਕਰਾ ਪਿਆ, ਪਰ ਦੋਨੋਂ ਕਿਉਂਕਿ ਕਿਸੇ ਉਤਲੀ ਗੈਬੀ ਤਾਕਤ ਦੇ ਇਸ਼ਾਰੇ ਤੇ ਸਭ ਕਾਰਵਾਈ ਕਰ ਰਹੇ ਸਨ, ਇਸ ਲਈ ਇਹ ਚਾਰਜਸ਼ੀਟ ਮੈਨੂੰ ਦੇ ਕੇ ਤਰੀਖ ਅੱਗੇ ਪਾ ਦਿਤੀ ਗਈ। ਹੁਣ ਇਹ ਮੇਰੀ ਜ਼ਿਮੇਂਵਾਰੀ ਸੀ ਕਿ ਮੈਂ ਗਵਾਹ ਇਕੱਠੇ ਕਰਦਾ ਫਿਰਾਂ ਕਿ ਮੈਂ ਉਸ ਦਸੀ ਹੋਈ ਤਰੀਖ ਖਾਲੜੇ ਨਹੀਂ ਸਾਂ। ਲੁਧਿਆਨਾ ਕੋਲ ਇਕ ਪਿੰਡ ਵਿਚ ਨਾਟਕ ਕਰ ਰਿਹਾ ਸਾਂ। ਇਸ ਕਿਸਮ ਦੀ ਹਨੇਰ ਗਰਦੀ ਹੁਣ ਫੇਰ ਵੇਖਣ ਵਿਚ ਆਈ ਹੈ, 18 ਨਵੰਬਰ ਬਲਦੇਵ ਮਾਨ, ਹਰਦੇਵ ਛੀਨਾ, ਸਰਬਜੀਤ ਤੇ ਹੋਰ ਨੌਜਵਾਨ ਭਾਰਤ ਸਭਾ ਦੇ ਵਰਕਰਾਂ ਨੂੰ ਫੜਿਆ ਗਿਆ, ਅੰਮ੍ਰਿਤਸਰ ਬੱਸ ਸਟੈਂਡ ਤੇ ਅਤੇ ਕੇਸ ਝਬਾਲ ਗੋਲੀ ਕਾਂਡ ਦੇ ਸਿਲਸਲੇ ਵਿਚ । ਉਹ ਬੱਸਾਂ ਸਾੜਣ ਵਾਲੇ ਬਣਾ ਦਿਤੇ ਗਏ।

ਤੀਸਰੀ ਵਿਧਾਨ ਦੀ ਸੀਮਾਂ ਉਸ ਵੇਲੇ ਵੇਖਣ ਵਿਚ ਆਈ ਹੈ ਜਦੋਂ ਹਰੀਜਨ ਜਾਂ ਗਰੀਬ ਲੋਕਾਂ ਦੀਆਂ ਬਸਤੀਆਂ ਨੂੰ ਜਗੀਰਦਾਰਾਂ ਤੇ ਉਹਨਾਂ ਦੇ ਲੱਠ ਮਾਰਾਂ ਵਲੋਂ ਅੱਗ ਲਗਾਈ ਜਾਂਦੀ। ਜੀਂਦੇ ਉਹਨਾਂ ਦੇ ਬੱਚੇ ਸਾੜ ਦਿਤੇ ਜਾਂਦੇ ਪਰ ਕਾਨੂੰਨ ਕੋਲ ਹੱਥ ਤੇ ਹੱਥ ਰਖਣ ਦੇ ਸਿਵਾ ਕੁਝ ਨਹੀਂ ਹੁੰਦਾ। ਇਹ ਜ਼ਮੀਂਦਾਰ ਪੂਰਾ ਸਬੂਤ ਨਾਂ ਹੋਣ ਦੇ ਬਹਾਨੇ ਸ਼ਰੇਆਮ ਦਨਦਨਾਦੇ

ਕਚੈਹਰੀਆਂ ਵਿਚੋਂ ਬਰੀ ਹੋ ਜਾਂਦੇ ਤੇ ਆਪਣੀਆਂ ਜਾਰਹਾਨਾਂ ਕਾਰਵਾਈਆਂ ਜਾਰੀ ਰਖਦੇ। ਬਲਾਤਕਾਰੀ ਦੇ ਕੇਸ, ਦਾਜ ਦੇ ਲਾਲਚੀਆਂ ਵਲੋਂ ਕੁੜੀਆਂ ਨੂੰ ਜੀਂਦੇ ਤੇਲ ਪਾ ਕੇ ਸਾੜ ਦੇਣ ਦੇ ਕੇਸ ਕਾਨੂੰਨ ਦੀ ਹੋਰ ਸੀਮਾਂ ਸਾਡੇ ਸਾਹਮਣੇ ਲਿਆਂਦੀ ਹੈ।

ਇਹ ਉਤਲੇ ਦਸੇ ਸਿਆਸੀ ਅਤੇ ਸੋਸ਼ਲ ਜੁਰਮ ਹਨ, ਜਿਹੜੇ ਸਾਡੇ ਵਿਧਾਨ ਨੂੰ ਤੇ ਉਹਦੇ ਥਲੇ ਬੱਣੇ ਕਾਨੂੰਨਾਂ ਨੂੰ ਮਨੁੱਖ ਦੋਖੀ ਬਣਾਂਦੇ ਹਨ। ਗੋਬਿੰਦ ਮਖੋਟੀ ਜਿਹੜੇ ਪੀਪਲਜ਼ ਯੂਨੀਅਨ ਆਫ ਸਿਵਲ ਲਿਬਰਟੀਜ਼ ਦੇ ਇਕ ਸਰਗਰਮ ਵਰਕਰ ਹਨ, ਉਹਨਾਂ ਨੇ ਇਕ ਲੇਖ ਵਿਚ ਸਾਡੇ ਵਿਧਾਨ ਨੂੰ ਪੂਟਨਾ ਰਾਕਸ਼ਨੀ ਨਾਲ ਤੁਲਣਾ ਦਿਤੀ ਹੈ। ਬਾਲਕ ਕ੍ਰਿਸ਼ਨ ਨੂੰ ਉਹਦਾ ਮਾਮਾ ਕਨਸ ਜੋ ਮਥੁਰਾ ਦਾ ਰਾਜਾ ਸੀ, ਮਾਰਨਾ ਚਾਹੁੰਦਾ ਸੀ। ਉਹਨੇ ਇਹ ਕਰਨ ਲਈ ਪੁਟਨਾਂ ਦੀ ਮੱਦਦ ਲਈ, ਪੁਟਨਾਂ ਰਾਕਸ਼ਨੀ ਦਾ ਰੂਪ ਬਦਲ ਕੇ ਦਾਸੀ ਦੀ ਸ਼ਕਲ ਵਿਚ ਕ੍ਰਿਸ਼ਨ ਦੀ ਸੇਵਾ ਦਾ ਭੇਖ ਕਰਨ ਆਈ, ਭਾਵੇਂ ਉਹਦਾ ਮੰਤਵ ਬਾਲਕ ਕ੍ਰਿਸ਼ਨ ਨੂੰ ਮਾਰਨਾ ਹੀ ਸੀ। ਜਿਸ ਤਰ੍ਹਾਂ, ਪੁਟਨਾਂ ਭੇਖੀ ਸੀ, ਇਹ ਵਿਧਾਨ ਵੀ ਭੇਖੀ ਹੈ। ਅਰੰਭਕ ਸ਼ਬਦਾਂ ਵਿਚ ਇਹ ਦੇਸ਼ ਦੇ ਲੋਕਾਂ ਲਈ ਸਾਰੀਆਂ ਆਜ਼ਾਦੀਆਂ, ਸਾਰੀਆਂ ਖੁਸ਼ੀਆਂ, ਸਮਾਜਿਕ ਨਿਆਂ ਤੇ ਹਰ ਇਕ ਸ਼ਹਿਰੀ ਲਈ ਬਰਾਬਰੀ ਦਾ ਦਰਜਾ, ਸਭ ਕੁਝ ਜੋ ਕੁਝ ਇਸ ਦੁਨੀਆਂ ਵਿਚ ਚੰਗੇ ਤੋਂ ਚੰਗਾ ਜਾਂ ਆਦਰਸ਼ਕ ਹੈ, ਗਰੰਟੀ ਕਰਦਾ ਹੈ ਪਰ ਅੱਗੇ ਜਾ ਕੇ ਇਕ ਧਾਰਾ ਜਾਂ ਦੂਜੀ ਧਾਰਾ ਦੇ ਅਧੀਨ ਸਟੇਟ ਜਾਂ ਰਾਜ ਸੱਤਾ ਨੂੰ ਇਹੋ ਜਿਹੇ ਹੱਕ ਦੇਂਦਾ ਹੈ ਕਿ ਇਕ ਸਾਧਾਰਨ ਸ਼ਹਿਰੀ ਕੋਲੋਂ ਇਹ ਸਾਰੇ ਹੱਕ ਸਾਰੀਆਂ ਸਹੂਲਤਾਂ ਕਿਸੇ ਨਾ ਕਿਸੇ ਬਹਾਨੇ ਖੋਹੀਆਂ ਜਾਣ ਤੇ ਉਹ 'ਸੀ' ਵੀ ਨਾਂ ਕਰ ਸਕੇ। ਜੇ ਕੋਈ ਹੱਕ ਖੋਹਣ ਵਾਲੀ ਧਾਰਾ ਭੁੱਲ ਗਈ ਸੀ ਤੇ ਇਕ ਹੋਰ ਧਾਰਾ ਅਨੁਸਾਰ ਰਾਜ ਸੱਤਾ ਨੂੰ ਇਹ ਹੱਕ ਹੈ ਕਿ ਉਹ ਆਰਡੀਨੈਂਸ ਦੀ ਸ਼ਕਲ ਵਿਚ ਕਿਸੇ ਸ਼ਹਿਰੀ ਦੇ ਜਿਹੜੇ ਮਰਜ਼ੀ ਹੱਕ ਖੋਹ ਲਵੇ। ਵਿਧਾਨ ਦੀ ਪਹਿਲੀ ਸ਼ਕਲ ਤੋਂ ਬਾਅਦ ਉਹਦੇ ਵਿਚ 242 ਤਰਮੀਮਾਂ ਹੋ ਚੁੱਕੀਆਂ ਹਨ, ਜਿਹਨਾਂ ਵਿਚੋਂ ਬਹੁਤੀਆਂ ਸਿਆਸੀ ਬੇ-ਇਮਾਨੀ ਦੇ ਮੰਤਵ ਨਾਲ ਹੀ ਕੀਤੀਆਂ ਗਈਆਂ ਹਨ।

ਇਹ ਸਭ ਕੁਝ ਹੁੰਦਿਆਂ ਵੀ ਸਾਡੇ ਕੁਝ ਪ੍ਰਮੁੱਖ ਕਾਨੂੰਨਦਾਨਾਂ ਦਾ ਇਹ ਵਿਚਾਰ ਹੈ ਕਿ ਸਾਡੇ ਬੁਨਿਆਦੀ ਹੱਕਾਂ ਵਾਲੀਆਂ ਧਾਰਾਵਾਂ ਵਿਚ ਇਹ ਗਰੰਟੀ ਜ਼ਰੂਰ ਹੈ ਜੇ ਜਿਊਡਸ਼ਰੀ, ਐਗਜ਼ੇਕਟਿਵ ਤੋਂ ਆਜ਼ਾਦ ਹੋਵੇ ਤਾਂ ਉਹ ਰਾਜ ਸੱਤਾ ਵਲੋਂ ਇਕ ਵਿਅਕਤੀ ਦੇ ਹੱਕਾਂ ਉਤੇ ਪਏ ਛਾਪੇ ਨੂੰ ਰੋਕ ਸਕਦੀ ਹੈ। ਦਿੱਲੀ ਵਿਚ 30-31 ਜਨਵਰੀ 1981, ਬੜੇ ਵਡੇ ਵਕੀਲਾਂ ਅਤੇ ਜੱਜਾਂ ਦੀ ਇਕ ਕਾਨਫਰੰਸ ਹੋਈ ਹੈ। ਇਸ ਵਿਚ ਸ਼ਾਮਿਲ ਹੋਣ ਵਾਲਿਆਂ, ਵਿਚ ਦੇਸ਼ ਦਾ ਚੀਫ ਜਸਟਿਸ ਚੰਦਰਾ ਚੂੜ ਵੀ ਸੀ। ਜਿਨ੍ਹਾਂ ਲੋਕਾਂ ਨੇ ਆਪਣੇ ਵਲੋਂ ਇਸ ਕਾਨਫਰੰਸ ਵਿਚ ਕੁਝ ਪੇਪਰ ਪੇਸ਼ ਕੀਤੇ, ਉਹਨਾਂ ਵਿਚ ਸਾਡੇ ਸੁਪਰੀਮ ਕੋਰਟ ਦੇ ਰਹਿ ਚੁੱਕੇ ਵਡੇ ਜੱਜ ਐਚ. ਆਰ. ਖੰਨਾ, ਕ੍ਰਿਸ਼ਨਾ ਆਇਰ, ਵੀ ਤਾਰ ਕੁੰਡੇ ਅਤੇ ਦੇਸ਼ ਦੇ ਮੰਨੇ ਪਰਮੰਨੇ ਵਕੀਲ 88 ਸਾਲਾ ਬੁਜ਼ਰਗੀ ਸੀ, ਕੀ ਦਫਤਰੀ, ਪਾਲਕੀਵਾਲਾ, ਏ. ਕੇ. ਸੈਨ (ਸਾਰੇ ਸੁਪਰੀਮ ਕੋਰਟ ਦੇ ਐਡਵੋਕੇਟ) ਸਨ। ਇਸ ਕਾਨਫਰੰਸ ਦਾ ਵਡਾ ਏਜੰਡਾ ਤਾਂ ਭਾਵੇਂ ਇਹ ਸੀ ਕਿ ਦੇਸ਼ ਵਿਚ ਪਾਰਲੀਮੈਂਟਰੀ ਸਿਸਟਮ ਜਾਰੀ ਰਖਿਆ ਜਾਏ ਜਾਂ ਅਮਰੀਕਾ ਵਰਗਾ ਪਰਧਾਨਗੀ ਸਰਕਾਰ ਵਾਲਾ ਸਿਸਟਮ ਬਣਾਇਆ ਜਾਏ, ਪਰ ਦੇਸ਼ ਦਾ ਸਾਰਾ ਵਿਧਾਨ ਇਸ ਕਾਨਫਰੰਸ ਵਿਚ ਵਿਚਾਰ ਅਧੀਨ ਆਇਆ। ਤਕਰੀਬਨ ਇਹ ਮੁਤਫਕਾ ਰਾਏ ਸੀ ਕਿ ਮੌਜੂਦਾ ਹਾਲਤਾਂ ਵਿਚ ਜੇਕਰ ਅਸੀਂ ਪਾਰਲੀਮੈਂਟਰੀ ਸਿਸਟਮ ਤੋਂ ਪ੍ਰਧਾਨਗੀ ਸਿਸਟਮ ਵਲ ਗਏ ਤਾਂ ਦੇਸ਼ ਵਿਚ ਤਾਨਾਸ਼ਾਹੀ ਰਾਜ ਦੀਆਂ ਬੜੀਆਂ ਸੰਭਾਵਨਾਵਾਂ ਵੱਧ ਜਾਣਗੀਆਂ। ਇਕ ਰਾਏ ਸੀ ਕਿ ਜੇ ਇਸ ਸਿਸਟਮ ਥੱਲੇ ਸਮੇਂ ਦੀਆਂ ਸਰਕਾਰਾਂ ਲੋਕਾਂ ਦਾ ਕੁਝ ਨਹੀਂ ਸਵਾਰ ਸਕਦੀਆਂ ਤਾਂ ਇਹ ਉਹਨਾਂ ਦੀ ਨਾਲਾਇਕੀ ਜਾਂ ਅਸਫਲਤਾ ਹੈ। ਵਿਧਾਨ ਵਿਚ ਉਹਨਾਂ ਲਈ ਕੋਈ ਐਸੀ ਰੁਕਾਵਟ ਨਹੀਂ ਕਿ ਉਹ ਲੋਕਾਂ ਨੂੰ ਸਮਾਜਿਕ ਨਿਆਂ ਨਾਂ ਦੇ ਸਕਣ।

ਚੀਫ ਜਸਟਿਸ ਨੇ ਇਹ ਕਿਹਾ ਕਿ ਜਿਸ ਅਹੁਦੇ ਤੇ ਮੈਂ ਬੈਠਾ ਹਾਂ, ਉਹ ਮੈਨੂੰ ਇਜਾਜ਼ਤ ਨਹੀਂ ਦੇਂਦਾ ਕਿ ਮੈਂ ਵਿਸਥਾਰ ਨਾਲ ਇਸ ਬਹਿਸ ਵਿਚ ਹਿੱਸਾ ਲੈ ਸਕਾਂ, ਪਰ ਮੈਂ ਉਹਨਾਂ ਵਿਚੋਂ ਜ਼ਰੂਰ ਹਾਂ ਜਿਹੜੇ ਨਿਆਂ ਪਰਨਾਲੀ (ਜਿਊਡਸ਼ਰੀ)ਨੂੰ ਇੰਤਜ਼ਾਮੀਆਂ ਪਰਨਾਲੀ (ਐਗਜ਼ੈਕਟਿਵ) ਦੇ ਅਸਰ ਤੋਂ ਵੇਖਣਾ ਚਾਹੁੰਦੇ ਹਨ। ਵੱਡੇ ਵਕੀਲ ਸੀ. ਕੇ. ਦਫਤਰੀ ਦਾ ਕਹਿਣਾ ਸੀ ਕਿ ਕਿਸੇ ਵੀ ਸਭਿਆ ਸਮਾਜ ਵਿਚ ਨੈਸ਼ਨਲ ਸਿਕਿਊਰਟੀ ਵਰਗਾ ਐਕਟ ਇਕ ਲਾਅਨਤ ਹੈ। ਵਕੀਲ ਪਾਲਕੀ ਵਾਲਾ ਨੇ ਕਿਹਾ ਕਿ ਜੇਕਰ ਵਿਦਿਆਰਥੀ ਯੂਨੀਵਰਸਿਟੀ ਕੈਂਪਸ ਵਿਚ ਕੋਈ ਗੜ ਬੜ ਕਰਨ ਤਾਂ ਏਲਾਨਿਆਂ ਜਾਂਦਾ ਹੈ ਕਿ ਵਿਦਿਆਰਥੀ ਹਿੰਸਕ ਕਾਰਵਾਈਆਂ ਨਾਲ ਸਾਰੇ ਦੇਸ਼ ਦਾ ਡਸਪਲਿਨ ਤੋੜ ਰਹੇ ਹਨ ਪਰ ਅਸਲ ਵਿਚ ਜਿਹੜੇ ਲੋਕ ਕੌਮ ਦਾ ਡਿਸਿਪਲਿਨ ਤੋੜ ਰਹੇ ਹਨ, ਉਹ ਸੱਤਾ ਧਾਰੀ ਸਿਆਸਤਦਾਨ ਹਨ। ਪਰ ਫੇਰ ਵੀ ਉਹਦਾ ਵਿਚਾਰ ਸੀ ਕਿ ਹਿੰਦੋਸਤਾਨ ਦੇ ਵਿਧਾਨ ਵਿਚ ਕੋਈ ਐਸੀ ਤਾਕਤ ਜ਼ਰੂਰ ਹੈ ਕਿ ਨਿਆਂ ਸ਼ੀਲ ਸਮਾਜ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰ ਸਕਦੀ ਹੈ। ਐਮਰਜੈਂਸੀ ਵਰਗੇ ਕਾਲੇ ਦੌਰ ਵਿਚ ਵੀ ਜੇਕਰ ਹਿੰਦੋਸਤਾਨ ਆਪਣੀ ਆਜ਼ਾਦੀ ਨੂੰ

ਕਾਇਮ ਰੱਖ ਸਕਿਆ ਹੈ ਤਾਂ ਇਹ ਵਿਧਾਨ ਦੀ ਲੁੱਕਵੀਂ ਸ਼ਕਤੀ ਹੈ। ਜਸਟਿਸ ਤਾਰਕੁੰਡੇ ਹੋਰਾਂ ਦਾ ਵਿਚਾਰ ਸੀ ਕਿ ਸ਼ਹਿਰੀ ਆਜ਼ਾਦੀ ਦੀ ਗਰੰਟੀ ਕਿਸੇ ਕੌਮ ਦੀ ਤਰੱਕੀ ਦੀ ਪਹਿਲੀ ਲੋੜ ਹੈ। ਅਗਰ ਇਹਦੀ ਗਰੰਟੀ ਨਾਂ ਕੀਤੀ ਗਈ ਤਾਂ ਕੋਈ ਵੀ ਤਰੱਕੀ ਮੁਮਕਿਨ ਨਹੀਂ। ਜੇ ਉਹ ਜ਼ਾਹਰਾ ਤੌਰ ਤੇ ਹੋ ਵੀ ਗਈ ਹੈ ਤਾਂ ਤਾਨਾਸ਼ਾਹੀ ਹੱਥੋਂ ਲੋਕਾਂ ਦਾ ਬੇ-ਆਵਾਜ਼ ਜਾਨਵਰਾਂ ਵਾਲਾ ਦਰਜਾ ਹੋ ਜਾਣ ਦਾ ਹਰ ਵੇਲੇ ਖਤਰਾ ਹੈ, ਮਨੁੱਖ ਨੂੰ ਰੋਟੀ ਦਾ ਚੱਪਾ ਜੇ ਥੋੜੀ ਦੇਰ ਘੱਟ ਵੀ ਮਿਲ ਜਾਏ ਤਾਂ ਉਹ ਗੁਜ਼ਾਰਾ ਕਰਕੇ ਵੱਧ ਰੋਟੀ ਲਈ ਲੜ ਸਕਦਾ ਹੈ। ਪਰ ਜੇਕਰ ਉਹਦੇ ਕੋਲ ਜ਼ਬਾਨ ਖੋਹ ਕੇ ਹੁਣ ਤਾਂ ਚੱਪਾ ਵੱਧ ਦੇ ਦਿਤਾ ਪਰ ਥੋੜੀ ਦੇਰ ਬਾਅਦ ਉਹ ਵੀ ਚੱਪਾ ਖੁੱਸ ਜਾਏ ਤਾਂ ਉਹ ਬੇਜ਼ੁਬਾਨ ਬੋਲੇਗਾ ਕਿਸ ਤਰ੍ਹਾਂ? ਉਹਦਾ ਇਸ਼ਾਰਾ ਇੰਦਰਾ ਗਾਂਧੀ ਜਾਂ ਕਾਂਗਰਸੀਆਂ ਦੀਆਂ ਉਹਨਾਂ ਦਲੀਲਾਂ ਵਲ ਸੀ ਜੋ ਕਹਿ ਰਹੇ ਹਨ ਕਿ ਡਿਸਪਲਿਨ ਕੌਮ ਦੀ ਤਰੱਕੀ ਲਈ ਜ਼ਰੂਰੀ ਹੈ। ਜੇ ਡਿਸਪਲਿਨ ਦਾ ਨਾਂ ਐਮਰਜੈਂਸੀ ਹੈ ਤਾਂ ਇਸ ਡਿਸਪਲਿਨ ਵਰਗੀ ਖਤਰਨਾਕ ਕੋਈ ਚੀਜ਼ ਵੀ ਨਹੀਂ। ਇਹ ਤਾਰਕੁੰਡੇ ਦਾ ਸਪਸ਼ਟ ਖਿਆਲ ਸੀ।

ਇਸ ਵੱਡੀ ਬਹਿਸ ਵਿਚ ਅਸੀਂ ਜੋ ਖੱਬੇ ਧੜੇ ਦੇ ਲੋਕ ਹਾਂ, ਜਿਹੜੇ ਐਸਾ ਸਮਾਜ ਬਨਾਉਣ ਦੇ ਇੱਛਕ ਹਾਂ ਜਿਸ ਵਿਚ ਸਮਾਜਕ ਨਿਆਂ ਵਡਾ ਗੁਣ ਹੋਵੇ, ਜਿਥੇ ਮਨੁੱਖ ਦੀ ਹਥੀਂ ਮਨੁੱਖ ਦੀ ਲੁੱਟ ਨਾਂ ਹੋ ਸਕੇ, ਸਾਡਾ ਕੀ ਫਰਜ਼ ਬਣਦਾ ਹੈ? ਅਸੀਂ ਜਾਣਦੇ ਹਾਂ ਕਿ ਦੇਸ਼ ਦੇ ਪ੍ਰਸਿਧ ਵਕੀਲ ਜਾਂ ਜੱਜ ਵਿਧਾਨ ਦੀ ਸ਼ਕਤੀ ਦੀ ਜਿਹੜੀ ਗੱਲ ਕਰਦੇ ਹਨ, ਸਾਡੀ ਸ਼ਹਿਰੀ ਆਜ਼ਾਦੀ ਅਤੇ ਮਨੁਖੀ ਹੱਕਾਂ ਦੀ ਵਿਆਖਿਆ ਉਹਨਾਂ ਨਾਲ ਪੂਰੀ ਤਰ੍ਹਾਂ ਨਹੀਂ ਮਿਲਦੀ। ਅਸੀਂ ਇਕ ਐਸੇ ਨਿਆਂ ਲਈ ਸੰਘਰਸ਼ ਕਰ ਰਹੇ ਹਾਂ, ਕਿਥੇ ਹਕੀਕੀ ਮੈਨਿਆਂ ਵਿਚ ਸਮਾਜਕ ਬਰਾਬਰੀ ਹੋਵੇ ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਤਾਨਾਸ਼ਾਹੀ ਦਾ ਜਦੋਂ ਵੀ ਹਮਲਾ ਹੁੰਦਾ ਹੈ ਤੇ ਜੋ ਹੋ ਰਿਹਾ ਏ, ਉਹਦਾ ਸਾਰਿਆਂ ਨਾਲੋਂ ਵਡਾ ਨਿਸ਼ਾਨਾ ਅਸੀਂ ਲੋਕ ਹੀ ਹਾਂ। ਬੁਰਜੂਆ ਪਾਰਟੀਆਂ ਦੇ ਲੋਕ ਜੋ ਥੋੜੀ ਦੇਰ ਲਈ ਕਿਸੇ ਅੰਦੋਲਨ ਵਿਚ ਜੇਲ ਜਾਂਦੇ ਵੀ ਹਨ ਤਾਂ ਜਲਦੀ ਬਾਹਰ ਆ ਜਾਂਦੇ ਹਨ। ਜੇਹਲਾਂ ਵਿਚ ਵੀ ਉਹਨਾਂ ਨੂੰ ਅਧਿਕਾਰੀਆਂ ਵਲੋਂ ਪੂਰੀਆਂ ਸਹੂਲਤਾਂ ਮਿਲੀਆਂ ਹੀ ਹੁੰਦੀਆਂ ਹਨ। ਅਸੀਂ ਹੀ ਹਾਂ ਜਿਹੜੇ ਪੁੱਠੇ ਲਟਕਾਏ ਜਾਂਦੇ ਹਾਂ। ਸਾਨੂੰ ਇਹਦੇ ਤੇ ਮਾਣ ਹੈ। ਜੇ ਉਹ ਸਾਨੂੰ ਦੂਜਿਆਂ ਨਾਲੋਂ ਵਡਾਂ ਦੁਸ਼ਮਣ ਸਮਝਦੇ ਹਨ ਤਾਂ ਇਹ ਸਾਡੀ ਤਾਕਤ ਦਾ ਚਿੰਨ੍ਹ ਹੈ। ਪਰ ਸਾਨੂੰ ਵੀ ਆਪਣੀ ਗੱਲ ਕਹਿਣ ਲਈ ਉਹਨਾਂ ਸੀਮਤ ਸਹੂਲਤਾਂ ਦੀ ਲੋੜ ਹੈ ਜੋ ਵਿਧਾਨ ਨੇ ਹਿੰਦੋਸਤਾਨ ਦੇ ਸਾਧਾਰਨ ਸ਼ਹਿਰੀਆਂ ਲਈ ਗਰੰਟੀ ਕੀਤੇ ਹਨ। ਇਹਨਾਂ ਸਹੂਲਤਾਂ ਲਈ ਉਹ ਵੀ ਲੋਕ ਲੜ ਰਹੇ ਹਨ ਜਿਹੜੇ ਇਸ ਸਮਾਜ ਵਿਚ ਸਰਕਾਰੀ ਪੱਦਵੀਆਂ ਰਖਦੇ ਹਨ। ਸਾਡਾ ਫਰਜ਼ ਬਣਦਾ ਹੈ ਕਿ ਸ਼ਹਿਰੀ ਆਜ਼ਾਦੀ ਵਰਗੇ ਮਸਲਿਆਂ ਤੇ ਅਸੀਂ ਸਾਰੇ ਸੁਹਿਰਦ ਲੋਕਾਂ ਦਾ ਸਾਥ ਦੇਈਏ ਅਤੇ ਉਹਨਾਂ ਦਾ ਸਾਥ ਲਈਏ। ਕਦੀ ਕਦੀ ਇਹ ਵਿਚਾਰ ਬਣ ਜਾਂਦਾ ਹੈ ਕਿ ਇਹ ਵਡੇ ਵਡੇ ਲੋਕ ਜਿਹੜੇ ਆਜ਼ਾਦੀ ਦੀ ਗਲ ਕਰਦੇ ਹਨ ਇਹ ਅਮਰੀਕਨ ਲੌਬੀ ਹੈ ਪਰ ਜੇ ਇਹ ਲੌਬੀ ਅਬਰਾਹਮ ਨਿਕਲ ਅਤੇ ਜਾਫਰਸਨ ਵਾਲੇ ਮਨੁਖੀ ਨਿਆਂ ਦੇ ਅਸੂਲ ਅਪਣਾਉਂਦੀ ਹੈ ਤਾਂ ਇਹ ਸਾਡੀ ਇਸ ਮੱਸਲੇ ਲਈ ਦੋਸਤ ਲੌਬੀ ਹੈ। ਇਸ ਵਡੀ ਨੈਸ਼ਨਲ ਡੀਬੇਟ ਵਿਚ ਅਸੀਂ ਹੱਥ ਤੇ ਹੱਥ ਰਖਕੇ ਨਹੀਂ ਬੈਠ ਸਕਦੇ। ਅਸੀਂ ਖੱਬੇ ਪੱਖੀ ਪੜ੍ਹੇ ਲਿਖੇ ਲੋਕਾਂ ਦਾ ਫਰਜ਼ ਬਣਦਾ ਹੈ ਕਿ ਸ਼ਹਿਰੀ ਆਜ਼ਾਦੀ ਦੇ ਹਰ ਅੰਦੋਲਨ ਵਿਚ ਵੱਧ ਚੜ੍ਹਕੇ ਹਿੱਸਾ ਪਾਈਏ। ਇਹ ਜਾਣਦੇ ਹੋਏ ਕਿ ਇਹ ਅਨਿਆਂ ਸਿਸਟਮ ਦੀ ਦੇਣ ਹੈ ਤੇ ਸਿਸਟਮ ਬਦਲੇ ਬਗ਼ੈਰ ਨਹੀਂ ਕੁਝ ਹੋ ਸਕਦਾ, ਪਰ ਇਸੇ ਸਿਸਟਮ ਵਿਚ ਹਾਲੇ ਅਸੀਂ ਰਹਿ ਰਹੇ ਹਾਂ ਤੇ ਇਸੇ ਸਿਸਟਮ ਵਿਚ ਸੀਮਤ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਵਰਤਨਾ ਚਾਹੀਦਾ ਹੈ। ਸ਼ਹਿਰੀ ਆਜ਼ਾਦੀਆਂ ਲਈ ਸੰਘਰਸ਼ ਸਾਡੇ ਵਡੇ ਸੰਘਰਸ਼ਾਂ ਵਿਚੋਂ ਇਕ ਸੰਘਰਸ਼ ਹੈ ਤੇ ਇਹਦੇ ਲਈ ਆਪਣੀ ਸਪੱਸ਼ਟ ਵੱਖਰੀ ਹੋਂਦ ਨੂੰ ਕਾਇਮ ਰਖਦੇ ਹੋਏ ਹੋਰਨਾਂ ਨਾਲ ਰਲਕੇ ਚਲਣਾ ਸਾਡੇ ਫਰਜ਼ਾਂ ਵਿਚੋਂ ਇਕ ਫਰਜ਼ ਹੈ।

## 2. ਛੇਵੀਂ ਪੰਜ ਸਾਲਾ ਪਲਾਨ

ਗਿਣਤੀ ਦੀਆਂ ਪੰਜ ਸਾਲਾਂ ਪਲਾਨਾਂ ਪੂਰੀਆਂ ਕਰਨ ਤੋਂ ਬਾਅਦ ਸਾਡੇ ਪਲਾਨਿੰਗ ਦੇ ਮਾਹਿਰਾਂ ਨੇ ਹੁਣ ਛੇਵੀਂ 5 ਸਾਲਾ ਪਲਾਨ ਕੌਮ ਨੂੰ ਦਿਤੀ ਹੈ। ਇਸ ਪਲਾਨ ਦੇ ਟੀਚੇ ਜੋ ਐਲਾਨੇ ਗਏ ਹਨ, ਉਹ ਕੁਝ ਟਿਪਣੀਆਂ ਸਮੇਤ ਅਸੀਂ ਹੇਠਾਂ ਦੇ ਰਹੇ ਹਾਂ :-

— ਇਸ ਪਲਾਨ ਤੇ ਸਰਕਾਰ ਵਲੋਂ 97,500 ਕ੍ਰੋੜ ਰੁਪਿਆ ਖਰਚ ਕੀਤਾ ਜਾਏਗਾ। 68 ਕ੍ਰੋੜ ਦੀ ਸਾਡੀ ਕੁਲ ਆਬਾਦੀ ਹੈ ਜੋ ਪੰਜ ਸਾਲਾ ਦੌਰਾਨ 70 ਕ੍ਰੋੜ ਦੇ ਕਰੀਬ ਹੋ ਜਾਏਗੀ। ਇਸਦਾ ਮਤਲਬ ਹੈ ਕਿ 5 ਸਾਲਾਂ ਵਿਚ ਇਕ ਜੀਵ ਉਤੇ ਉਹਦੀ ਤਰੱਕੀ ਲਈ 1392 ਰੁਪਏ ਜਾਂ ਇਕ ਸਾਲ ਵਿਚ 278

ਰੁਪਏ ਉਹਦੀ ਤਰੱਕੀ ਲਈ ਸਰਕਾਰ ਵਲੋਂ ਵਰਤੇ ਜਾਣਗੇ। ਇਹ ਛੋਟੀ ਰਕਮ ਨਹੀਂ, ਸ਼ਰਤ ਇਹੋ ਹੀ ਹੈ ਕਿ ਇਹ ਵਾਕਈ ਇਸ ਕੰਮ ਲਈ ਵਰਤੀ ਜਾਏ।

— ਪ੍ਰਤੀ ਜੀਵ ਸਾਡੀ ਇਸ ਵੇਲੇ ਕੌਮੀ ਆਮਦਨ 1484 ਰੁਪਏ ਹੈ, ਇਹ ਛੇਵੀਂ ਪਲਾਨ ਦੇ ਦੌਰਾਨ ਵੱਧਕੇ 1744 ਰੁਪਏ ਹੋ ਜਾਏਗੀ।

— ਇਹ ਟੀਚਾ ਹੈ ਕਿ ਦੇਸ਼ ਆਪਣੀਆਂ ਸਾਰੀਆਂ ਜ਼ਰੂਰਤਾਂ ਆਪ ਹੀ ਪੂਰੀਆਂ ਕਰੇਗਾ ਤੇ ਬਾਹਰੋਂ ਕੋਈ ਚੀਜ਼ ਮੰਗਵਾਣੀ ਨਹੀਂ ਪਵੇਗੀ।

— ਸਰਕਾਰੀ ਅੰਕੜਿਆਂ ਅਨੁਸਾਰ ਇਸ ਵੇਲੇ 48.44 ਫੀਸਦੀ ਲੋਕ ਭੁੱਖਮਰੀ ਪੱਧਰ ਦੇ ਥੱਲੇ ਜੀ ਰਹੇ ਹਨ। ਛੇਵੀਂ ਪਲਾਨ ਬਾਅਦ ਇਹ ਗਿਣਤੀ ਸਿਰਫ 30 ਫੀਸਦੀ ਹੋਵੇਗੀ।

— ਛੇਵੀਂ ਪਲਾਨ ਦੇ ਖਾਤਮੇਂ ਤਕ ਸਾਡੀ ਕੁਲ ਆਬਾਦੀ ਦੇ 6–11 ਸਾਲ ਦੇ 100 ਬਚਿਆਂ ਵਿਚੋਂ 95 ਬਚੇ ਜ਼ਰੂਰ ਸਕੂਲ ਜਾਂਦੇ ਹੋਣਗੇ ਅਤੇ 11–14 ਸਾਲ ਦੇ 100 ਬੱਚਿਆਂ ਵਿਚ 50 ਬੱਚੇ ਜ਼ਰੂਰ ਸਕੂਲ ਦੇ ਵਿਦਿਆਰਥੀ ਹੋਣਗੇ। ਇਸਦਾ ਮਤਲਬ ਹੈ ਕਿ 5 ਸਾਲਾਂ ਦੇ ਬਾਅਦ ਤੁਹਾਨੂੰ ਕੋਈ ਟਾਂਵਾਂ ਟਾਂਵਾਂ ਬੱਚਾ ਹੀ ਕਾਰਖਾਨਿਆਂ ਵਿਚ ਕੰਮ ਕਰਦਾ ਜਾਂ ਸੜਕਾਂ ਤੇ ਗੰਦੀਆਂ ਲੀਰਾਂ ਤੇ ਕਾਗਜ਼ ਕਠੇ ਕਰਦਾ ਜਾਂ ਗਾਂਵਾਂ ਮੱਝਾਂ ਪਿਛੇ ਵਾਗ ਕਰਦਾ ਦਿਸੇਗਾ। 1990 ਤਕ ਇਹ ਨਿਸ਼ਾਨਾ ਹੈ ਕਿ 14 ਸਾਲ ਦਾ ਹਰ ਇਕ ਬੱਚਾ ਹੋਰ ਕਿਧਰੇ ਵੀ ਨਹੀਂ ਹੋਵੇਗਾ, ਸਿਰਫ ਸਕੂਲ ਵਿਚ ਹੀ ਹੋਵੇਗਾ। ਜੇਕਰ ਦਿਸ ਪਵੇ ਤਾਂ ਸਮਝਣਾ ਪਲਾਨ ਫੇਲ ਹੋ ਗਈ ਹੈ।

— ਮੈਦਾਨੀ ਇਲਾਕਿਆਂ ਵਿਚ ਹਰ 5000 ਦੀ ਆਬਾਦੀ ਪਿਛੇ ਤੇ ਪਹਾੜੀ ਇਲਾਕਿਆਂ ਵਿਚ ਹਰ 3000 ਦੀ ਆਬਾਦੀ ਪਿਛੇ ਇਕ ਛੋਟਾ ਹਸਪਤਾਲ ਹੋਵੇਗਾ। ਇਕ ਅਨੁਮਾਨ ਇਹ ਤਾਂ ਹੀ ਹੋ ਸਕੇਗਾ ਕਿ ਦੇਸ਼ ਵਿਚ ਡਾਕਟਰਾਂ ਦੀ ਗਿਣਤੀ, ਐਲੋਪੈਥੀ ਹੋਮੀਓ–ਪੈਥੀ, ਆਯੁਰਵੈਦਿਕ, ਯੂਨਾਨੀ ਦੀ ਮਿਲਾਕੇ ਹੁਣ ਨਾਲ 140 ਗੁਣਾ ਹੋਵੇਗੀ ਭਾਵੇਂ ਕਿ ਜੇ ਇਸ ਵੇਲੇ ਸਾਡੇ ਕੋਲ ਪੰਜਾਬ ਵਿਚ 7 ਮੈਡੀਕਲ ਹੋਮੀਓਪੈਥਿਕ ਅਤੇ ਆਯੋਰਵੇਦਿਕ ਕਾਲਜ ਹਨ; ਇਹ 980 ਹੋ ਜਾਣਗੇ। ਜੇ ਇਹ ਨਹੀਂ ਹੋ ਸਕਣਗੇ ਤਾਂ ਜਿਥੇ ਇਕ ਕਾਲਜ ਵਿਚ 150 ਵਿਦਿਆਰਥੀਆਂ ਦੀ ਜਮਾਤ ਹੈ ਤਾਂ ਹੁਣ 2100 ਵਿਦਿਆਰਥੀਆਂ ਦੀ ਹੋ ਜਾਵੇਗੀ। ਤਾਂ ਹੀ ਪਲਾਨ ਦੇ ਮਿਥੇ ਟੀਚਿਆਂ ਤੇ ਪੁੱਜ ਸਕਾਂਗੇ।

— ਇਸ ਵੇਲੇ ਹਿੰਦੋਸਤਾਨ ਦੇ 1,15,165 ਅੱਗੇ ਪਿੰਡ ਹਨ, ਜਿਥੇ ਬਿਜਲੀ ਨਹੀਂ ਛੇਵੀਂ ਪਲਾਨ ਦੇ ਦਰ–ਮਿਆਨ, ਉਹਨਾਂ ਵਿਚੋਂ ਘੱਟ ਤੋਂ ਘੱਟ 40 ਫੀਸਦੀ ਮਤਲਬ ਕਿ 46,066 ਪਿੰਡਾਂ ਨੂੰ ਹੋਰ ਬਿਜਲੀ ਦਿਤੀ ਜਾਏਗੀ। ਹੁਣ ਕੋਈ 40,000 ਐਸੇ ਪਿੰਡ ਹਨ, ਜਿਨ੍ਹਾਂ ਤਕ ਪੱਕੀ ਸੜਕ ਨਹੀਂ ਪੁੱਜੀ। ਪਲਾਨ ਦੇ ਅਖ਼ੀਰ ਹੋਣ ਤਕ 20,000 ਹੋਰ ਪਿੰਡਾਂ ਤਕ ਪੱਕੀ ਸੜਕ ਪੁੱਜ ਜਾਏਗੀ।

— ਇਸ ਵੇਲੇ 2 ਲੱਖ ਐਸੇ ਪਿੰਡ ਹਨ, ਜਿਨ੍ਹਾਂ ਵਿਚ ਪੀਣ ਦਾ ਪਾਣੀ ਨਹੀਂ ਮਿਲਦਾ। ਛੇਵੀਂ ਪਲਾਨ ਦੇ ਬਾਅਦ ਇਕ ਵੀ ਐਸਾ ਪਿੰਡ ਨਹੀਂ ਹੋਏਗਾ ਭਾਵ ਹਿੰਦੋਸਤਾਨ ਦੀ ਕੁਲ ਆਬਾਦੀ ਨੂੰ ਚੰਗਾ ਪੀਣ ਦਾ ਪਾਣੀ ਮਿਲੇਗਾ।

— ਘਰ, ਜਿਸਨੂੰ ਸਿਰ ਦੀ ਛੱਤ ਕਹਿੰਦੇ ਹਨ, ਉਹ ਇਸ ਵੇਲੇ ਦੇਸ਼ ਦੀ 46 ਫੀਸਦੀ ਉਤੇ ਨਹੀਂ ਹੈ। ਛੇਵੀਂ ਪਲਾਨ ਦੇ ਬਾਅਦ ਇਹ ਲੋਕ ਸਿਰਫ 8 ਫੀਸਦੀ ਰਹਿ ਜਾਣਗੇ।

ਇਸ ਤੇ ਸਰਸਰੀ ਨਜ਼ਰ ਮਾਰਦਿਆਂ ਹੀ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਵੇਲੇ ਦੇਸ਼ ਦੀ ਹਾਲਤ ਬੜੀ ਭੈੜੀ ਹੈ। ਪਹਿਲੀਆਂ 5 ਸਾਲਾਂ ਪਲਾਨਾਂ ਵਿਚ 30 ਸਾਲਾਂ ਵਿਚ ਅਸੀਂ ਕੁਝ ਵੀ ਕਹਿੰਦੀ ਕਹਿਲਾਂਦੀ ਗ਼ਰੀਬੀ ਨੂੰ ਦੂਰ ਕਰਨ ਲਈ ਕੁਝ ਕਰ ਸਕੇ ਤਾਂਹੀਓਂ ਤਾਂ 48 ਫੀਸਦੀ ਲੋਕ ਭੁੱਖਮਰੀ ਦੇ ਥੱਲੇ ਹਨ ਭਾਂਵੇਂ ਸੈਂਕੜੇ ਡੈਮ ਬਣੇ, ਕਾਰਖ਼ਾਨੇ ਬਣੇ ਅਤੇ ਹੋਰ ਖੇਤੀਬਾੜੀ ਵਿਚ ਤਰੱਕੀ ਹੋਈ। ਛੇਵੀਂ ਪਲਾਨ ਦੇ ਜੇ ਟੀਚੇ ਪੂਰੇ ਹੋ ਜਾਣ ਤਾਂ ਅਸੀਂ ਕਹਿ ਸਕਾਂਗੇ ਕਿ ਅਸੀਂ ਵਾਕਈ ਕੁੱਝ ਪ੍ਰਾਪਤ ਕੀਤਾ ਹੈ। ਕੁਝ ਸਵਾਲ ਜਿਹੜੇ ਪ੍ਰਧਾਨ ਮੰਤਰੀ ਕੋਲੋਂ ਪਲਾਨ ਬਾਰੇ ਪੁਛੇ ਗਏ ਤੇ ਜਵਾਬ ਲਏ ਗਏ ਉਹ ਹਾਜ਼ਰ ਹਨ।

— ਤੁਸੀਂ ਜੋ ਟੀਚੇ ਮਿਥੇ ਹਨ, ਇਹਨਾਂ ਦੀ ਪ੍ਰਾਪਤੀ ਸਾਨੂੰ ਦੇਸ਼ ਦੇ ਮੌਜੂਦਾ ਵਸੀਲਿਆਂ ਅਨੁਸਾਰ ਉਹਦੀ ਸਮੱਰਥਾ ਤੋਂ ਬਾਹਰ ਲਗਦੇ ਹਨ, ਜੇ ਅਸੀਂ ਇਹਨਾਂ ਟੀਚਿਆਂ ਉਤੇ ਕਿੰਤੂ ਕਰੀਏ ਤਾਂ ਹੀ ਅਸੀਂ ਹੱਕ ਬਜਾਨਬ ਨਹੀਂ ਹੋਵਾਂਗੇ? ਜਵਾਬ ਸੀ ਕਿ ਕਿ ਤੁਸੀਂ ਭਲੇ ਲੋਕੋ ਐਵੇਂ ਕਿੰਤੂ ਕਰਦੇ ਹੋ। ਇਹ ਸਭ ਕੁਝ ਮੁਮਕਿਨ ਹੈ, ਬਸ ਸ਼ਰਤ ਇਕੋ ਹੈ ਕਿ

ਵਿਰੋਧੀ ਧਿਰਾਂ ਸਹਿਯੋਗ ਦੇਣ। (ਚੰਦਰ ਸ਼ੇਖਰ ਨੇ ਕਿਹਾ ਹੈ "ਬੀਬੀ ਸਾਨੂੰ ਦਸ ਤਾਂ ਸਹੀ ਕਿ ਤੂੰ ਸਾਡੇ ਕੋਲੋਂ ਕਿਸ ਕਿਸਮ ਦਾ ਸਹਿਯੋਗ ਚਾਹੁੰਦੀ ਹੈ ?) ਕੋਈ ਅੰਦੋਲਨ ਨਾ ਹੋਵੇ, ਕੋਈ ਹੜਤਾਲ ਨਾ ਹੋਵੇ। ਜਲੂਸਾਂ ਵਿਚ ਐਵੇਂ ਆਪਣੀ ਤਾਕਤ ਤੇ ਸੰਪਤੀ ਜ਼ਾਇਆ ਨਾ ਕੀਤੀ ਜਾਏ। ਪੁਛੇ ਜਾਣ ਤੇ ਕਿ 16 ਫਰਵਰੀ ਦੀ ਕਿਸਾਨ ਰੈਲੀ ਬਾਰੇ ਤੁਹਾਡੇ ਕੀ ਵਿਚਾਰ ਹਨ ? ਕੀ ਜਲੂਸਾਂ ਜਾਂ ਰੈਲੀਆਂ ਵਿਚ ਇਹਦਾ ਸ਼ੁਮਾਰਾ ਨਹੀਂ ਹੁੰਦਾ ! ਜਵਾਬ ਸੀ 'ਨਹੀਂ' ਇਹ ਤਾਂ ਸਿਰਫ ਕਿਸਾਨਾਂ ਦਾ ਭਵਿਖ ਵਿਚ ਵਿਸ਼ਵਾਸ ਦਾ ਵਿਖਾਵਾ ਸੀ।

— ਤੁਸੀਂ ਕਿਹਾ ਹੈ, ਆਉਣ ਵਾਲੇ ਪੰਜ ਸਾਲਾਂ ਵਿਚ ਤੁਸੀਂ ਆਤਮ ਨਿਰਭਰਤਾ ਪ੍ਰਾਪਤ ਕਰ ਲਵੋਗੇ। ਇਸ ਵੇਲੇ 80 ਫੀ ਸਦੀ ਸਨਅਤੀ ਉੱਪਜ ਵਿਚ ਬਦੇਸ਼ੀ ਭਾਈ ਵਾਲੀ ਹੈ ਤੇ ਲਾਇਨਤਹਾ ਦੇਸ਼ ਦੀ ਦੌਲਤ ਮੁਨਾਫਿਆਂ ਦੀ ਸ਼ਕਲ ਵਿਚ ਦੂਜੇ ਦੇਸਾਂ ਵਿਚ ਜਾ ਰਹੀ ਹੈ, ਕੀ ਆਤਮ ਨਿਰਭਰਤਾ ਤੋਂ ਮਤਲਬ ਹੈ ਕਿ ਇਸ ਪਲਾਨ ਤੋਂ ਬਾਅਦ ਇਹ ਬਾਹਰ ਜਾਣੀ ਬੰਦ ਹੋ ਜਾਵੇਗੀ ? ਜਵਾਬ ਸਹੀ 'ਨਹੀਂ', ਮੇਰਾ ਮਤਲਬ ਹੈ ਕਿ ਅਸੀਂ ਸਾਰੀਆਂ ਜ਼ਰੂਰਤਾਂ ਇਥੇ ਪੂਰੀਆਂ ਕਰਾਂਗੇ। ਇਸ ਦੇ ਲਈ ਸਗੋਂ ਹੋਰ ਬਦੇਸ਼ੀਆਂ ਨੂੰ ਕਵਾਂਗੇ ਇਥੇ ਕਾਰਖਾਨੇ ਲਗਾਉਣ। (ਉਹਨਾਂ ਨੂੰ ਕੀ ਇਤਰਾਜ਼ ਹੋ ਸਕਦਾ ਹੈ ! ਹਿੰਦੋਸਤਾਨ ਵਰਗੀ ਸੱਸਤੀ ਮਜ਼ਦੂਰ ਸ਼ਕਤੀ ਹੋਰ ਕਿਥੇ ਮਿਲ ਸਕਦੀ ਹੈ ? ਇਥੇ ਤਾਂ ਕਾਰਖਾਨੇ ਲਗਾਉਣਾ ਮੁਨਾਫਿਆਂ ਦੀ ਸ਼ਕਲ ਵਿਚ ਸੋਨਾ ਹੀ ਸੋਨਾ ਹੈ)—ਹਾਂ ਉਹ ਬਦੇਸ਼ੀ ਕਾਰਖਾਨੇ ਤਾਂ ਹੀ ਲਗਾਉਣਗੇ ਜੇਕਰ ਇਥੇ ਹੜਤਾਲਾਂ ਵਗੈਰਾ ਦਾ ਵਾਤਾਵਰਨ ਨਾਂ ਹੋਵੇ ਅਤੇ ਕਾਨੂੰਨ ਦੀ ਵਿਵਸਥਾ ਠੀਕ ਰਵੇ।

— ਇਕ ਆਖਰੀ ਸਵਾਲ ਜਿਸ ਦਾ ਪ੍ਰਧਾਨ ਮੰਤਰੀ ਨੇ ਸਾਫ ਜੁਆਬ ਦੇਣ ਤੋਂ ਇਨਕਾਰ ਕਰ ਦਿਤਾ, ਉਹ ਇਹ ਸੀ ਕਿ ਕੀ ਕਾਰਨ ਹੈ ਕਿ 33 ਸਾਲ ਤੋਂ ਬਾਅਦ ਇਤਨੀ ਜ਼ਾਹਰਾ ਤਰੱਕੀ ਦੇ ਬਾਅਦ ਵੀ ਹਾਲੇ 48 ਫੀ ਸਦੀ ਲੋਕ ਭੁੱਖ ਮਰੀ ਦੇ ਪੱਧਰ ਥੱਲੇ ਹਨ। ਇਹ ਅੰਕੜੇ ਸਰਕਾਰੀ ਹਨ। ਗ਼ੈਰ ਸਰਕਾਰੀ ਹਲਕਿਆਂ ਦਾ ਕਹਿਣਾ ਹੈ ਕਿ ਇਹ ਗਿਣਤੀ 67 ਫੀ ਸਦੀ ਹੈ। ਛੇਵੀਂ ਪਲਾਨ ਦੇ ਬਾਅਦ ਇਹ ਗਿਣਤੀ 30 ਫੀ ਸਦੀ ਹੋਵੇਗੀ। ਕੀ ਇਹਦਾ ਕਾਰਨ ਇਹ ਨਹੀਂ ਕਿ ਜੋ ਵੀ ਤਰੱਕੀ ਹੁੰਦੀ ਰਹੀ ਹੈ, ਜਾਂ ਹੋ ਰਹੀ ਹੈ, ਉਹਦਾ ਲਾਭ ਵੱਡੇ ਤਬਕੇ ਹੀ ਉਠਾਂਦੇ ਜਾ ਰਹੇ ਹਨ ਅਤੇ ਥਲੇ ਇਹ ਲਾਭ ਨਹੀਂ ਪੁਜ ਰਿਹਾ ? ਜੇ ਇਹਦਾ ਜਵਾਬ ਹਾਂ ਵਿਚ ਹੈ ਤਾਂ ਤੁਸੀਂ ਮੌਜੂਦਾ ਸੋਸ਼ਲ ਸਿਸਟਮ ਵਿਚ ਕੀ ਤਬਦੀਲੀ ਪਲਾਨ ਕਰ ਰਹੇ ਹੋ ਕਿ ਤਰੱਕੀ ਦਾ ਲਾਭ ਛੋਟੇ ਤਬਕੇ ਤਕ ਪੁਜੇ ? ਤੁਹਾਡੀ ਸਾਰੀ ਸਰਕਾਰੀ ਮਸ਼ੀਨਰੀ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਗਈ ਹੈ, ਇਸ ਨੂੰ ਓਵਰ ਹਾਲ ਕਰਨ ਲਈ ਕੀ ਕਦਮ ਚੁੱਕ ਰਹੇ ਹੋ ? ਤੁਹਾਡਾ ਸਾਰਾ ਪਾਰਲੀਮੈਂਟ ਦਾ ਢਾਂਚਾ ਜਮਹੂਰੀ ਕਦਰਾਂ ਕੀਮਤਾਂ ਦੀ ਥਾਂ ਪੈਸੇ ਦੇ ਬੱਲ ਤੇ ਖੜਾ ਹੈ, ਉਸ ਵਿਚ ਤੁਸੀਂ ਕੋਈ ਤਬਦੀਲੀ ਸੋਚਦੇ ਹੋ ?

ਇਹਨਾਂ ਸਵਾਲਾਂ ਦਾ ਪ੍ਰਧਾਨ ਮੰਤਰੀ ਨੇ ਨਹੀਂ ਦਿਤਾ ਤੇ ਨਾ ਹੀ ਦੇਵੇਗੀ। ਉਹ ਇਹੋ ਕਵੇਗੀ ਕਿ ਤੁਸੀਂ ਮੇਰੇ ਤੇ ਵਿਸ਼ਵਾਸ਼ ਰੱਖੋ। ਮੈਂ ਜੋ ਕੁਝ ਕਹਿੰਦੀ ਹਾਂ, ਉਹੀ ਕਰੀ ਜਾਓ। ਕੋਈ ਜਲੂਸ ਜਾ ਕੋਈ ਰੈਲੀ ਨਾ ਕਰੋ, ਜੇ ਕਰੋ ਵੀ ਤਾਂ ਚਿੱਟੇ ਪਗੜ ਬੰਨ੍ਹ ਕੇ ਟਰੱਕਾਂ ਤੇ ਚੜ੍ਹਕੇ ਮੇਰੀ ਕੋਠੀ ਆ ਜਾਉ ਅਤੇ ਨਾਅਰੇ ਮਾਰੋ ਸਾਨੂੰ ਤੇਰੇ ਤੇ ਵਿਸ਼ਵਾਸ਼ ਹੈ। ਤੂੰ ਸਾਡੀ ਮਾਈ ਬਾਪ ਏਂ। ਤੂੰ ਹੀ ਦੇਸ਼ ਏਂ। ਇਸ ਤਰ੍ਹਾਂ, ਤੁਹਾਡਾ ਜਲੂਸ ਰੈਲੀਆਂ ਦਾ ਸ਼ੌਕ ਵੀ ਪੂਰਾ ਹੋ ਜਾਏਗਾ ਤੇ ਦੇਸ਼ ਨੂੰ ਕੋਈ ਹਾਣੀ ਨਹੀਂ ਪੁਜੇਗੀ। ਬਾਕੀ 6 ਸਾਲ ਹਾਲੇ ਕਿਸ ਨੇ ਵੇਖੇ ਹਨ ?

ਨੋਟ:— ਸਾਡੇ ਵੱਲੋਂ ਇਹ ਨੋਟ ਹੈ ਕਿ ਜੇ ਛੇ ਸਾਲਾਂ ਬਾਅਦ ਇਕ ਵੀ ਬੱਚਾ ਸਕੂਲ ਤੋਂ ਬਾਹਰ ਦਿਸੇ ਤਾਂ ਸਮਝਣਾ ਕਿ ਪਲਾਨ ਫੇਲ ਹੋ ਗਈ ਹੈ।

---


## ਸਮਤਾ ਬਾਰੇ ਵੇਰਵਾ

ਫਾਰਮ 4 (ਵੇਖੋ ਨੇਮ)

| | | |
|---|---|---|
| 1. | ਪ੍ਰਕਾਸ਼ਨ ਸਥਾਨ | ਅਮ੍ਰਿਤਸਰ |
| 2. | ਪ੍ਰਕਾਸ਼ਨ ਕਾਲ | ਮਾਸਿਕ |
| 3. | ਪ੍ਰਿੰਟਰ, ਪ੍ਰਕਾਸ਼ਕ ਤੇ ਸੰਪਾਦੱਕ ਦਾ ਨਾਉਂ | ਗੁਰਸ਼ਰਨ ਸਿੰਘ |
| 4. | ਰਸਾਲੇ ਦੇ ਮਾਲਕ ਵਿਯਕਤੀਆਂ ਅਤੇ ਕੁਲ ਪੂੰਜੀ ਦੇ ਇਕ ਫੀ ਸਦੀ ਤੋਂ ਵੱਧ ਹਿੱਸੇ ਵਾਲੇ ਹਿੱਸੇਦਾਰਾਂ ਜਾਂ ਭਾਈਵਾਲਾਂ ਦੇ ਨਾਂ ਅਤੇ ਪਤੇ | ਕੈਲਾਸ਼ ਕੌਰ<br>ਗੁਰੂ ਖਾਲਸਾ ਨਿਵਾਸ<br>ਡਾਕਖਾਨਾ ਖਾਲਸਾ ਕਾਲਜ<br>ਅਮ੍ਰਿਤਸਰ |

ਮੈਂ ਗੁਰਸ਼ਰਨ ਸਿੰਘ, ਏਹ ਏਲਾਨ ਕਰਦਾ ਹਾਂ ਕਿ ਉਤੇ ਦਿੱਤਾ ਗਿਆ ਵੇਰਵਾ ਮੇਰੇ ਗਿਆਨ ਅਤੇ ਵਿਸ਼ਵਾਸ਼ ਅਨੁਸਾਰ ਠੀਕ ਹੈ :

ਪ੍ਰਕਾਸ਼ਕ ਦੇ ਦਸਖਤ

ਮਿਤੀ 28-2-81

(ਸਹੀ) ਗੁਰਸ਼ਰਨ ਸਿੰਘ

ਕਹਾਣੀ :

# ਵਿਰਸਾ

## ਜਸਵੰਤ ਸਿੰਘ ਵਿਰਦੀ

ਤਲਵਾਰ ਦੇ ਮੂੰਹ ਨੂੰ ਲਹੂ ਲਗ ਗਿਆ ਸੀ ਜਿਸ ਕਰਕੇ ਹਰ ਵੇਲੇ ਉਹਨੂੰ ਕਿਸੇ ਨਾ ਕਿਸੇ ਦਾ ਲਹੂ ਪੀਣ ਦੀ ਲਾਲਸਾ ਪਰੇਸ਼ਾਨ ਕਰਦੀ ਰਹਿੰਦੀ ਸ਼ੀ। ਪਰ ਉਸਨੂੰ ਹਰ ਵੇਲੇ ਲਹੂ ਕਿਵੇਂ ਪਿਆਇਆ ਜਾ ਸਕਦਾ ਸੀ ?

ਇਕ ਦਿਨ ਜਦੋਂ ਉਹਨੂੰ ਕਿਤਿਉਂ ਵੀ ਲਹੂ ਨਾ ਮਿਲਿਆ ਤਾਂ ਉਹਨੇ ਮੈਨੂੰ ਹੀ ਕਤਲ ਕਰਨ ਦਾ ਜਤਨ ਕੀਤਾ। ਕਤਲ ਬਾਰੇ ਤਾਂ, ਅਸਲ ਵਿਚ, ਮੈਂ ਹੀ ਸੋਚਦਾ ਸਾਂ, ਉਹਦਾ ਤਾਂ ਕੇਵਲ ਲਹੂ ਪੀਣ ਦਾ ਹੀ ਇਰਾਦਾ ਸੀ ! ਜੀ ਹਾਂ, ਜੇਕਰ ਮੈਨੂੰ ਉਹਦੀ ਨੀਅਤ ਤੇ ਸ਼ੱਕ ਨਾ ਹੁੰਦਾ ਤਾਂ ਮੈਂ ਤਬਾਹ ਹੀ ਹੋ ਜਾਣਾ ਸੀ। ਪਰ ਮੈਂ ਪਤਾ ਨਹੀਂ ਕਿਥੇ ਪੜ੍ਹਿਆ ਹੋਇਆ ਸੀ ਕਿ ਤਲਵਾਰ ਦੀ ਵਫਾ ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਜੇਕਰ ਉਹ ਅਜ ਸਾਡੀ ਰਖਿਆ ਕਰ ਰਹੀ ਹੈ ਤਾਂ ਕਲ੍ਹ ਨੂੰ ਵਿਰੋਧੀਆਂ ਕੋਲ ਜਾਕੇ ਸਾਡੀ ਵੈਰੀ ਵੀ ਬਣ ਸਕਦੀ ਹੈ। ਤਲਵਾਰ ਨਾਲ ਤਾਂ ਕਿਸੇ ਤਰ੍ਹਾਂ ਦਾ ਮਖੌਲ ਵੀ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਸ ਵਿਚ ਹਾਸੇ-ਠੱਠੇ ਦੀ ਭਾਵਨਾ ਨਹੀਂ ਹੈ। ਜੇਕਰ ਹੁੰਦੀ, ਤਾਂ ਕੀ ਹੁੰਦਾ ?

ਮੈਨੂੰ ਤਲਵਾਰ ਤੋਂ ਡਰ ਲਗਣ ਲਗ ਪਿਆ। ਪਤਾ ਨਹੀਂ ਇਹ ਕਲ੍ਹ ਨੂੰ ਕੀ ਕਰ ਬੈਠੇ। ਇਹ ਵੀ ਤਾਂ ਰਾਜ-ਨੀਤੀਆਂ ਵਾਂਗ ਹੀ ...

'ਕੁਝ ਵੀ ਹੋਵੇ ਇਹਨੂੰ ਬਾਹਰ ਸੁਟ ਦੇਣਾ ਚਾਹੀਦਾ ਹੈ !'

ਮੇਰੀ ਬੀਵੀ ਨੇ ਕਿਹਾ।

'ਪਰ ਇਹ ਤਾਂ ਸਾਡੀ ਜੱਦੀ ਪੁਸ਼ਤੀ ਨਿਸ਼ਾਨੀ ਹੈ !'

'ਕਿਵੇਂ ?'

'ਸਾਡੇ ਕਿਸੇ ਬਜ਼ੁਰਗ ਨੇ ਕਦੀ ਮਹਾਰਾਜੇ ਦੀ ਸੇਵਾ ਕੀਤੀ ਸੀ ?'

'ਫੇਰ ?'

'ਉਸ ਸੇਵਾ ਬਦਲੇ ਮਿਲੀ ਸੀ ਇਹ ਤਲਵਾਰ !'

'ਤਾਂ ਵੀ ਇਹਨੂੰ ਘਰੋਂ ਕਢੋ !'

'ਨਹੀਂ', ਮੈਂ ਇਹ ਕੀਮਤੀ ਪੂੰਜੀ ਬਾਹਰ ਨਹੀਂ ਸੁਟ ਸਕਦਾ !'

'ਕਿਉਂ ?'

'ਫੇਰ ਮੈਂ ਕਿਸ ਚੀਜ਼ ਤੇ ਮਾਣ ਕਰਾਂਗਾ !'

'ਕੀ ਮਾਣ ਕਰਨਾ ਜ਼ਰੂਰੀ ਹੈ !'

'ਹਾਂ, ਮਾਣ ਕੀਤੇ ਬਗੈਰ ਬੰਦਾ ਜੀਉ ਕਿਵੇਂ ਸਕਦਾ ਹੈ !'

'ਲੋਕ ਜੀਉਂਦੇ ਹੀ ਨੇ !'

'ਫੇਰ ਉਹ ਕਾਹਦੇ ਜੀਉਂਦੇ ਨੇ !'

'ਕੁਝ ਵੀ ਹੋਵੇ !' ਬੀਵੀ ਨੇ ਦ੍ਰਿੜ੍ਹਤਾ ਨਾਲ ਕਿਹਾ— 'ਮੈਂ ਇਹਨੂੰ ਘਰ 'ਚ ਨਹੀਂ ਰਹਿਣ ਦਿਆਂਗੀ !'

'ਫੇਰ !'

'ਇਹਨੂੰ ਵਗਦੇ ਦਰਿਆ 'ਚ ਸੁਟ ਦਿਉ !'

'ਉਥੇ ਇਹਨੂੰ ਜ਼ੰਗ ਲਗ ਜਾਵੇਗਾ !'

'ਇਹਨੂੰ ਬਾਹਰ ਕਿਤੇ ਵੀ ਸੁਟ ਦਿਉ !'

'ਫੇਰ ਇਹ ਦੁਸ਼ਮਣ ਦੇ ਹੱਥ ਆ ਜਾਵੇਗੀ !'

'ਤਾਂ ਕੀ ਹੈ ?'

'ਉਹ ਇਹਦੇ ਨਾਲ ਹੀ ਸਾਨੂੰ ਤਬਾਹ ਕਰੇਗਾ !'

ਉਹ ਚੁਪ ਕਰ ਗਈ।

ਬਾਹਰ ਬਸੰਤ ਬਹਾਰ ਦੀ ਕੂਲੀ-ਕੂਲੀ ਤੇ ਭਿੰਨੀ-ਭਿਨੀ ਹਵਾ ਰੁਮਕ ਰਹੀ ਸੀ। ਲੋਕ ਇਸ਼ਕ ਕਰ ਰਹੇ ਸਨ; ਤੇ ਬੀਵੀਆਂ ਵੀ ਚੰਗੀਆਂ ਲਗ ਰਹੀਆਂ ਸਨ। ਪਰ ਮੇਰੀ ਬੀਵੀ ਮੇਰੇ ਨਾਲ ਦੁਖੀ ਸੀ !

ਮੈਂ ਖੁਦ ਵੀ ਦੁਖੀ ਸਾਂ।

ਮੈਨੂੰ ਮੇਰੇ ਵਿਰਸੇ ਨੇ ਹੀ ਦੁਖੀ ਕਰ ਦਿਤਾ ਸੀ !

'ਆਧੁਨਿਕ ਜੁਗ ਵਿਚ ਵਿਰਸੇ ਤੇ ਮਾਣ ਨਹੀਂ ਕੀਤਾ ਜਾ ਸਕਦਾ !' ਪਤਾ ਨਹੀਂ ਇਹ ਗੱਲ ਕਿਹੜੇ ਫਲਸਫੀ ਨੇ ਕਹੀ ਸੀ। ਪਰ ਕਿਉਂਕਿ ਇਸ ਸੂਤਰ ਦੀ ਕਿਤੇ ਵੀ ਵਿਆਖਿਆ ਨਹੀਂ ਸੀ, ਇਸ ਕਰਕੇ ਮੈਨੂੰ ਇਹਦੀ ਪੂਰੀ ਤਰ੍ਹਾਂ ਸਮਝ ਨਹੀਂ ਸੀ ਆਈ। ਮੈਂ ਕਦੀ ਸਮਝਣ ਦਾ ਯਤਨ ਵੀ ਨਹੀਂ ਸੀ ਕੀਤਾ।

ਮੈਂ ਜਦੋਂ ਉਹ ਤਲਵਾਰ ਲੈ ਕੇ ਘਰੋਂ ਨਿਕਲਦਾ ਸਾਂ ਤਾਂ ਲੋਕ ਮੈਨੂੰ ਅਜੀਬ ਕਿਸਮ ਦੀਆਂ ਨਜ਼ਰਾਂ ਨਾਲ ਵੇਖਦੇ ਸਨ। ਪਤਾ ਨਹੀਂ ਉਨ੍ਹਾਂ ਨਜ਼ਰਾਂ 'ਚ ਡਰ ਸੀ ਕਿ ਨਫਰਤ ! ਮੈਂ ਕਦੀ ਇਸ ਗੱਲ ਦੀ ਪਰਵਾਹ ਹੀ ਨਹੀਂ ਸੀ ਕੀਤੀ। ਬਲਕਿ ਕਦੀ ਸੋਚਿਆ ਤਕ ਨਹੀਂ ਸੀ। ਸੋਚਕੇ ਲੈਣਾ ਵੀ ਕੀ ਸੀ ? ਹਾਂ, ਮੈਨੂੰ ਵੇਖਕੇ ਕਈ ਲੋਕ ਮਲਕੜੇ ਜਿਹੇ ਕਹਿੰਦੇ — 'ਜਦੋਂ ਵਿਦੇਸ਼ੀ ਧਾੜਵੀ ਦੇਸ਼ ਦੀਆਂ ਧੀਆਂ ਭੈਣਾਂ ਨੂੰ ਡੰਗਰਾਂ ਵਾਂਗ ਹਿਕ ਕੇ ਲਿਜਾ ਰਹੇ ਸਨ, ਉਦੋਂ ਇਹ ਤਲਵਾਰ ਕਿਥੇ ਸੀ !'

ਮੈਂ ਹਰ ਗੱਲ ਨੂੰ ਅਣਸੁਣੀ ਕਰ ਦਿੰਦਾ !

ਪਰ ਜਿਸ ਦਿਨ ਤਲਵਾਰ ਨੇ ਮੇਰਾ ਹੀ ਲਹੂ ਪੀਣ ਦਾ ਜਤਨ ਕੀਤਾ, ਉਸ ਦਿਨ ਪਹਿਲੀ ਵਾਰ ਮੈਨੂੰ ਅਹਿ-ਸਾਸ ਹੋਇਆ ਕਿ ਉਸ ਤੋਂ ਡਰਿਆ ਵੀ ਜਾ ਸਕਦਾ ਹੈ ! ਬਸ 'ਚ ਸਫਰ ਕਰਦਿਆਂ ਹੋਇਆਂ ਮੇਰੇ ਨਾਲ ਕੋਈ

ਨਹੀਂ ਸੀ ਬਹਿੰਦਾ। ਮੈਂ ਸਮਝਦਾ ਸਾਂ ਕਿ ਲੋਕ ਮੇਰਾ ਰੋਹਬ ਮੰਨਦੇ ਨੇ ! ਇਕ ਦਿਨ ਜਦੋਂ ਮੈਂ ਇਕ ਭਦਰ ਪੁਰਸ਼ ਨੂੰ ਨਾਲ ਬਹਿਣ ਲਈ ਕਿਹਾ ਤਾਂ ਉਹਨੇ ਰੁੱਖੇਪਨ ਨਾਲ ਜਵਾਬ ਦਿਤਾ —

'ਪਹਿਲਾਂ ਆਪਣੀ ਤਲਵਾਰ ਪਰ੍ਹੇ ਕਰੋ !'

'ਕਿਉਂ ?'

'ਤੁਸੀਂ ਅਕਲ ਦੀ ਥਾਂ ਤਲਵਾਰ ਨਾਲ ਵੱਡੇ ਬਣਦੇ ਹੋ ?'

'ਨਹੀਂ !'

'ਫੇਰ ਇਹਨੂੰ ਕਿਉਂ ਨਾਲ ਲਈ ਫਿਰਦੇ ਹੋ ?"

'ਇਹ ਮੇਰੇ ਸ਼ਾਹੀ ਬਜ਼ੁਰਗਾਂ ਦੀ ਨਿਸ਼ਾਨੀ ਹੈ !'

'ਬਜ਼ੁਰਗ ਤੁਹਾਨੂੰ ਕੋਈ ਚੰਗੀ ਆਦਤ ਨਹੀਂ ਦੇ ਗਏ ?'

'ਜੀ ਪਤਾ ਨਹੀਂ !'

'ਫੇਰ, ਇਹ ਹਥਿਆਰ ਤੁਹਾਡੀ ਕੀ ਮਦਦ ਕਰੇਗਾ ?'

'ਮੈਂ ਇਹਦੇ ਨਾਲ ਸੌ ਕਤਲ ਕਰ ਸਕਦਾ ਹਾਂ !' ਮੈਂ ਰੋਹ ਨਾਲ ਕਿਹਾ।

'ਕਿਹਨੂੰ ਰੋਹ ਨਾਲ ਕਤਲ ਕਰੋਗੇ ?

ਉਹਨੇ ਵੀ ਰੋਹ ਨਾਲ ਪੁਛਿਆ। ਮੈਂ ਕਿਹਾ—'ਜੇਕਰ ਕੋਈ ਮੈਨੂੰ ਤੰਗ ਕਰੇਗਾ !'

'ਹੁਣ ਤਕ ਕਿਸੇ ਨੇ ਤੰਗ ਕੀਤੈ ?'

'ਨਹੀਂ !'

'ਫੇਰ ਵੀ ਤੁਸੀਂ ਇਹਨੂੰ...?'

'ਇਹ ਮੇਰਾ ਵਿਰਸਾ...'

ਬਸ 'ਚ ਬੈਠੇ ਹੋਏ ਕਈ ਲੋਕ ਜ਼ੋਰ ਨਾਲ ਹੱਸ ਪਏ। ਉਸ ਵੇਲੇ ਜੀਅ ਕੀਤਾ ਕਿ ਤਲਵਾਰ ਨੂੰ ਮਿਆਨੋਂ ਕਢ ਕੇ ਲਹੂ ਨਾਲ ਰਜਾ ਦਿਆਂ ... ਪਰ ਪਤਾ ਨਹੀਂ ਕੀ ਸੋਚ ਕੇ ਚੁਪ ਰਿਹਾ।

ਮੇਰੇ ਚਿਹਰੇ ਦੇ ਪ੍ਰਭਾਵ ਨੂੰ ਤਕ ਕੇ ਉਸ ਮਾੜੂਏ ਜਿਹੇ ਵਿਅਕਤੀ ਨੇ ਕਿਹਾ...'ਤੁਹਾਡਾ ਕਦੀ ਕਿਸੇ ਨਾਲ ਲੜਣ ਨੂੰ ਜੀਅ ਕੀਤਾ ਹੈ ?'

'ਨਹੀਂ !'

'ਕਦੀ ਹੱਕ-ਇਨਸਾਫ ਲਈ ਲੜੇ ਹੋ ?'

'ਹੱਕ-ਇਨਸਾਫ ਕੀ ?'

'ਦੁਨੀਆਂ 'ਚ ਗਰੀਬ ਲੋਕਾਂ ਨਾਲ ਜਿਹੜੀ ਬੇ-ਇਨਸਾਫੀ ਹੋ ਰਹੀ ਹੈ, ਉਹਦੀ ਖਾਤਿਰ ਕਦੀ ਤਲਵਾਰ ਚਲਾਈ ਹੈ ?'

'ਮੈਨੂੰ ਤਾਂ ਪਤਾ ਹੀ ਨਹੀਂ !'

'ਕਿਉਂ ?'

'ਮੈਨੂੰ ਕਿਸੇ ਨੇ ਦਸਿਆ ਹੀ ਨਹੀਂ !'

'ਤੁਸੀਂ ਆਪ ਵੀ ਜਤਨ ਨਹੀਂ ਕੀਤਾ ?'

'ਨਹੀਂ !'

'ਫੇਰ ਇਹਦਾ ਤੁਹਾਨੂੰ ਕੀ ਲਾਭ ਹੈ ?'

'ਲਾਭ ?' ਮੈਂ ਮਨ ਹੀ ਮਨ 'ਚ ਬੁੜ-ਬੜਾਇਆ —

'ਇਹ ਮੇਰੇ ਪਿਉ ਕੋਲ ਸੀ.. ਉਸਦੇ ਵੀ ਪਿਓ ਕੋਲ ਸੀ, ਤੇ ਫੇਰ ਉਸ ਦੇ ਵੀ ਪਿਓ ਕੋਲ !'

ਪਤਾ ਨਹੀਂ ਕਿਵੇਂ, ਮੈਂ ਅਗਲੇ ਪਲ ਹੀ ਸਟਾਪ ਤੇ ਉਤਰ ਗਿਆ। ਦਰਿਆ ਦੇ ਕਿਨਾਰੇ !

ਮੈਨੂੰ ਅਜ ਬੁਰੀ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਕਿ ਦੁਨੀਆਂ ਦੇ ਲੋਕ ਮੈਨੂੰ ਜੀਉਣ ਨਹੀਂ ਦੇਣਗੇ। ਮੇਰੇ ਹੱਥ ਵਿਚ ਤਲਵਾਰ ਵੇਖਕੇ ਪਤਾ ਨਹੀਂ ਉਨ੍ਹਾਂ ਨੂੰ ਕਿਹੜਾ ਸੱਪ ਸੁੰਘ ਜਾਂਦਾ ਸੀ !

ਇਹ ਹੱਕ-ਇਨਸਾਫ ਲਈ ਲੜਨਾ ਕੀ ਹੋਇਆ ?

ਦਰਿਆ ਜ਼ਿੰਦਗੀ ਦੇ ਵਿਸ਼ਵਾਸ ਵਾਂਗ ਕਾਇਮ ਸੀ। ਪਰ, ਉਸ ਸੁੰਨ ਵੀਰਾਨੇ ਵਿਚ ਮੈਂ ਮਹਿਸੂਸ ਕੀਤਾ ਕਿ ਤਲਵਾਰ ਦਾ ਮੂੰਹ ਹਰ ਹਾਲਤ 'ਚ ਲਹੂ ਦੀ ਮੰਗ ਕਰ ਰਿਹਾ ਸੀ। ਪਰ ਮੈਂ ਲਹੂ ਕਿਥੋਂ ਲੈ ਕੇ ਆਉਂਦਾ ! ਮੇਰਾ ਜੀਅ ਕੀਤਾ ਕਿ ਉਹਨੂੰ ਵਗਾਹ ਮਾਰਾਂ !

'ਪਰ ਇਹ ਤਾਂ ਤੇਰਾ ਕੀਮਤੀ ਵਿਰਸਾ ਹੈ !' ਪਤਾ ਨਹੀਂ ਕਿਨ੍ਹੇ ਕਿਹਾ।

'ਆਪਣੇ ਵਿਰਸੇ ਨੂੰ ਮੈਂ ਆਪਣਾ ਲਹੂ ਪਿਆ ਕੇ ਕਿਵੇਂ ਕਾਇਮ ਰਖਾਂ ?'

'ਲੋਕ ਇਸੇ ਤਰ੍ਹਾਂ ਹੀ ਕਰਦੇ ਨੇ !'

'ਮੈਂ ਨਹੀਂ ਕਰ ਸਕਦਾ !'

'ਫੇਰ ਤੂੰ ਆਪਣੇ ਵਿਰਸੇ ਤੋਂ ਇਨਕਾਰੀ ਏਂ ?'

'ਵਿਰਸਾ ਕੀ ਹੈ ?' ਮੈਂ ਜ਼ੋਰ ਨਾਲ ਗਰਜਿਆ —

'ਮੈਂ ਇਸ ਤਰ੍ਹਾਂ ਦੇ ਵਿਰਸੇ ਨੂੰ ਨਹੀਂ ਮੰਨਦਾ ਜੋ ਕਿ ਮੇਰਾ ਜੀਣਾ ਹੀ ਹਰਾਮ ਕਰ ਦੇਵੇ।'

'ਆਪਣਾ ਵਿਰਸਾ ਕਾਇਮ ਰਖਣ ਲਈ ਲੋਕ ਇਕ ਦੂਸਰੇ ਦਾ ਸਿਰ ਪਾੜ ਰਹੇ ਨੇ !'

'ਮੇਰੇ ਲਈ ਔਖਾ ਹੈ !'

'ਨਿਤ ਹੀ ਦੰਗੇ ਤੇ ਫਸਾਦ ਹੁੰਦੇ ਨੇ !'

'ਮੇਰਾ ਕੋਈ ਵਿਸ਼ਵਾਸ਼ ਨਹੀਂ !'

'ਤੈਨੂੰ ਬਜ਼ੁਰਗਾਂ ਦਾ ਨਾਂ ਕਾਇਮ ਰਖਕੇ ਖੁਸ਼ੀ ਨਹੀਂ ?'

'ਉਨ੍ਹਾਂ ਦਾ ਉਨ੍ਹਾਂ ਦੇ ਚੰਗੇ ਗੁਣਾਂ ਕਰਕੇ ਕਾਇਮ ਰਹੇਗਾ !'

'ਲੱਖ ਲਾਹਨਤ !'

'ਕੋਈ ਗੱਲ ਨਹੀਂ !'

ਮੈਂ ਮਹਿਸੂਸ ਕੀਤਾ ਕਿ ਤਲਵਾਰ ਸਾਡੀ ਇਸ ਸਾਰੀ ਗੁਫਤਗੂ ਦੌਰਾਨ ਖਾਮੋਸ਼ ਰਹੀ। ਉਹਦੇ 'ਚ ਤਾਂ ਮੈਨੂੰ ਕੋਈ ਸਾਹ-ਸੱਤ ਹੀ ਨਹੀਂ ਸੀ ਪ੍ਰਤੀਤ ਹੁੰਦਾ। ਕੀ ਉਹ ਆਪ ਹੀ ਹੱਕ-ਇਨਸਾਫ ਲਈ ਲੜ ਸਕਦੀ ਸੀ ?

'ਇਹ ਮੇਰਾ ਲਹੂ ਕਿਵੇਂ ਪੀ ਸਕਦੀ ਹੈ ?' ਮੈਨੂੰ

ਖ਼ਿਆਲ ਆਇਆ — 'ਪਰ ਹੁਣ ਮੈਂ ਇਹਨੂੰ ਆਪਣੇ ਨਾਲ ਨਹੀਂ ਰਖ ਸਕਦਾ ... ਜਦੋਂ ਤਕ ਇਹ ਮੇਰੇ ਕੋਲ ਹੈ, ਲੋਕ ਮੇਰੇ ਕੋਲ ਨਹੀਂ ਹੋ ਸਕਦੇ !'

× × ×

ਜਦੋਂ ਮੈਂ ਘਰ ਪਰਤਿਆ ਤਾਂ ਮੈਂ ਮਹਿਸੂਸ ਕੀਤਾ ਕਿ ਲੋਕ ਮੈਨੂੰ ਭੈ ਨਾਲ ਨਹੀਂ ਸਨ ਤਕ ਰਹੇ। ਮੇਰੀ ਬੀਵੀ ਤੇ ਬੱਚਿਆਂ ਦੇ ਚਿਹਰਿਆਂ ਤੇ ਵੀ ਮੁਸਕਣੀ ਸੀ। ਮੈਨੂੰ ਸਮਝ ਨਾ ਆਈ ਕਿ ਦੁਨੀਆਂ ਬਦਲੀ ਹੋਈ ਕਿਉਂ ਪ੍ਰਤੀਤ ਹੋ ਰਹੀ ਸੀ।

ਪਰ ਉਸ ਵੇਲੇ ਮੈਂ ਆਪਣੇ ਕੋਲ ਤਲਵਾਰ ਦੀ ਅਣਹੋਂਦ ਕਰਕੇ ਅਚਾਨਕ ਹੀ ਉਦਾਸ ਹੋ ਗਿਆ ਸਾਂ।

'ਇਹ ਤੁਹਾਨੂੰ ਕੀ ਹੋ ਗਿਐ ? ਮੇਰੀ ਬੀਵੀ ਨੇ ਘਬਰਾ ਕੇ ਪੁਛਿਆ। ਜਵਾਬ 'ਚ ਮੈਂ ਏਨਾ ਹੀ ਕਹਿ ਸਕਿਆ—

'ਆਪਣੇ ਵਿਰਸੇ ਨਾਲੋਂ ਟੁਟਣਾ ਸੌਖਾ ਤਾਂ ਨਹੀਂ !'

o

ਕਹਾਣੀ :

# ਸਮਾਜ ਵਿਰੋਧੀ ਅਨਸਰ

## ਅਤਰਜੀਤ

ਬਾਹਰ ਗਲੀ ਵਿਚ ਭਾਰੇ, ਕਿੱਲਾਂ ਵਾਲੇ ਬੂਟਾਂ ਦੀ, ਦਗੜ ਦਗੜ ਤੇ ਠੱਪ ਠੱਪ ਤੋਂ ਬਲਦੇਵ ਇਕ ਦਮ ਤ੍ਰਹਿ ਜੇਹਾ ਗਿਆ। ਘਰ ਦੇ ਆਲੇ ਦੁਆਲੇ ਇਕ ਤਰ੍ਹਾਂ ਨਾਲ ਸਨਾਟਾ ਛਾ ਗਿਆ ਜਿਵੇਂ ਰਾਤ ਦੇ ਅਸੀਮ ਹਨੇਰੇ ਵਿਚ ਇਕ ਸਹਿਮ ਫੈਲ ਗਿਆ ਸੀ। ਉਸਨੂੰ ਵਕਤ ਇਕ ਦਮ ਰੁਕ ਗਿਆ ਅਤੇ ਫੇਰ ਤੇਜ਼ ਦੌੜ ਪਿਆ ਲੱਗਿਆ—ਉਸ ਦੇ ਆਪਣੇ ਸਾਹਾਂ ਅਤੇ ਦਿਲ ਦੀ ਧੜਕਣ ਵਾਂਗ। ਬਾਹਰ ਸ਼ਾਇਦ ਬਲਵੰਤ, ਉਸਦਾ ਛੋਟਾ ਭਾਈ ਸੀ ਜੋ ਉਸ ਲਈ ਕੋਈ ਨਵੀਂ ਬਿਪਤਾ ਖੜੀ ਕਰਨ ਵਾਲਾ ਸੀ ਜਾਂ ਫਿਰ ਪੁਲਸ ਨੇ ਅੱਜ ਫੇਰ ਉਸ ਦੇ ਘਰ ਛਾਪਾ ਮਾਰਿਆ ਸੀ। ਅੰਦੋਲਨਕਾਰੀਆਂ ਨੂੰ ਕੁਚਲਣ ਲਈ, ਸਰਕਾਰ ਵਲੋਂ ਖਾਸ ਹਦਾਇਤਾਂ ਆਈਆਂ ਸਨ ਤੇ ਪੁਲਸ ਸਮਾਜ-ਵਿਰੋਧੀ-ਅਨਸਰਾਂ ਦੀ ਸਰਗਰਮੀ ਨਾਲ ਭਾਲ ਕਰ ਰਹੀ ਸੀ।

ਕੁੱਤਿਆਂ ਦੇ ਭੌਂਕਣ ਦੀ ਲਗਾਤਾਰ ਆ ਰਹੀ ਆਵਾਜ਼, ਰਾਤ ਦੀ ਖਾਮੋਸ਼ੀ ਅਤੇ ਸ਼ਾਂਤੀ ਵਿਚ ਵਿਘਨ ਪਾ ਰਹੀ ਸੀ। ਫਿਰ ਉਸਦੇ ਕੰਨਾਂ ਨੇ ਇਕ ਹੋਰ ਖੜਾਕ ਸੁਣਿਆ ਅਤੇ ਉਸਨੇ ਅੰਦਾਜ਼ਾ ਲਾਇਆ ਕਿ ਕਿਸੇ ਨੇ ਕੁੱਤੇ ਨੂੰ ਇੱਟ ਮਾਰੀ ਸੀ। ਇੱਟ ਦੂਰ ਤੱਕ ਰੁੜ੍ਹਦੀ ਗਈ ਤੇ ਕੁੱਤੇ ਦੀ ਚਊਂ ਚਊਂ, ਪਰ੍ਹੇ ਦੂਰ ਜਾ ਕੇ ਜੋਸ਼ ਵਿਚ ਭੌਂਕਣ ਦੀ ਆਵਾਜ਼ ਵਿਚ ਬਦਲ ਗਈ—"ਕੁੱਤੇ ਬਹੁਤ ਹੋ ਗਏ ਹਨ, ਸ਼ਹਿਰ ਵਿਚ"—ਉਸਨੇ ਚਿੱਤ ਵਿਚ ਹੀ ਕਿਹਾ ਅਤੇ ਸਿਰ੍ਹਾਣੇ ਵੱਲ ਚਮਕਦੇ ਬੈੱਡ ਸਵਿਚ ਦੇ ਹਰੇ ਜੇਹੇ ਬਟਨ ਨੂੰ ਦਬਾਇਆ। ਕਮਰੇ ਵਿਚ ਦੁੱਧੀਆ ਰੰਗ ਦਾ ਚਾਨਣ ਪਸਰ ਗਿਆ ਤੇ ਉਸਨੇ ਆਪਣੇ ਆਪ ਅਤੇ ਬਿਰਧ ਮਾਂ ਨੂੰ ਕਮਰੇ ਵਿਚ ਵੇਖਿਆ। ਬੇਬੇ ਨੇ ਚਿਹਰਾ ਰਜਾਈ 'ਚੋਂ ਬਾਹਰ ਕੱਢ ਲਿਆ ਸੀ—ਬਿਰਧ ਚਿਹਰਾ, ਜਭਾੜਿਆਂ ਦੀਆਂ ਹੱਡੀਆਂ ਉਭਰੀਆਂ ਪਰ ਝੁਰੜੀਆਂ ਭਰੀਆਂ ਜਾਭਾਂ ਅੰਦਰ ਧਸੀਆਂ ਹੋਈਆਂ – ਵੱਟੋ ਵੱਟ ਮੱਥਾ ਅਤੇ ਇਕੋ ਇਕ ਉਪਰਲਾ ਦੰਦ ਹੇਠਲੇ ਬੁੱਲ੍ਹ 'ਤੇ ਟਿਕਿਆ ਹੋਇਆ—ਜਿਵੇਂ ਡਿਗੂੰ ਡਿਗੂੰ ਕਰ ਰਿਹਾ ਹੋਵੇ। ਉਸਨੇ ਆਪਣੇ ਅੰਗਾਂ ਵੱਲ ਵੇਖਿਆ ਜਿਵੇਂ ਕਿਤੇ ਉਸਨੂੰ ਭੁਲੇਖਾ ਲੱਗ ਗਿਆ ਹੋਵੇ ਕਿ ਉਹ ਸਬੂਤਾ ਸੀ ਜਾਂ ਅਧੂਰਾ। ਸਾਮ੍ਹਣੇ ਟੰਗੇ ਆਦਮ ਕੱਦ ਸ਼ੀਸ਼ੇ ਵਿਚ ਉਸਨੇ ਆਪਣੇ ਆਪ ਨੂੰ ਅਧੂਰਾ ਹੀ ਵੇਖਿਆ। ਉਹ ਬਲਦੇਵ ਰਾਇ ਨਹੀਂ ਸੀ ਲਗਦਾ ਸਗੋਂ ਉਸਦਾ ਕੋਈ ਕਾਰਟੂਨ ਲਗਦਾ ਸੀ। ਅੱਖਾਂ ਵਿਚ ਅਪੂਰਨ ਨੀਂਦ ਦੀ ਲਾਲੀ, ਉਭਰੇ ਹੋਏ ਫੁਲਵੇਂ ਛੱਪਰ, ਸਿਰ ਉਪਰ ਪਸੀਨੇ ਦੀ ਬੂ ਮਾਰਦੇ ਵਧੇ ਹੋਏ ਬੋਦੇ ਤੇ ਚਿਹਰੇ ਤੇ ਮੋਟੀ ਮੋਟੀ ਦਾਹੜੀ ਦੇ ਵੱਡੇ ਵੱਡੇ ਕਰਚੇ, ਉਸ ਦਾ ਰੂਪ ਵਿਗਾੜ ਰਹੇ ਸਨ। ਉਸਦਾ ਹੇਠਲਾ ਬੁੱਲ੍ਹ ਸੱਜੇ ਪਾਸੇ ਨੂੰ ਥੋੜਾ ਝੁਕਿਆ ਲਗਦਾ ਸੀ ਤੇ ਨੱਕ ਦੀ ਕਰੂੰਬਲ ਅੱਜ ਬਾਕੀ ਦਿਨਾਂ ਨਾਲੋਂ ਕੁਝ ਜ਼ਿਆਦਾ ਹੀ ਕੁੰਢੀ ਲਗਦੀ ਸੀ ਕਿ ਸਮੁੱਚਾ ਚਿਹਰਾ ਹੀ ਉਸਨੂੰ ਤਿਕੋਣਾ ਜਾਪਿਆ। ਆਪਣੀ ਕਰੂਪ ਹੋਈ ਸ਼ਕਲ ਸ਼ੀਸ਼ੇ ਵਿਚ ਵੇਖਣ ਨਾਲ ਹੀ ਉਸਨੂੰ ਬੇਬੇ ਦੇ ਸ਼ਬਦ ਚੇਤੇ ਆਏ—"ਬੁਖਾਰ ਹੱਗ ਗਿਆ—ਬੱਸ ਹੁਣ ਨ੍ਹੀ ਬੁਖਾਰ ਹੁੰਦਾ।" ਨੱਕ ਉਤੇ ਬੁਲ੍ਹਾਂ ਉਪਰ ਹੋਈਆਂ ਲਾਲ ਫਿਣਸੀ-ਆਂ ਦੇ ਨਾਲ ਨਾਲ ਚਿਹਰੇ ਉਪਰ ਭਲੂਣ ਆਈ ਹੋਈ ਲਗਦੀ ਸੀ; ਖਰੇ ਦੁਆਈਆਂ ਦੀ ਗਰਮੀ ਕਰਕੇ।

ਉਸਨੇ ਲੱਤਾਂ ਤੋਂ ਰਜਾਈ ਪਾਸੇ ਕੀਤੀ ਅਤੇ ਫਰਸ਼ 'ਤੇ ਪਈਆਂ ਚੱਪਲਾਂ ਵੱਲ ਵੇਖਿਆ। ਚੱਪਲਾਂ ਪਾਉਂਦਾ ਲੜ-ਖੜਾਇਆ। ਬੜੀ ਸਾਵਧਾਨੀ ਨਾਲ ਉਸਨੇ ਚਿਟਕਣੀ ਖੋਲ੍ਹੀ ਪਰ ਫੇਰ ਵੀ ਇੰਨੀ ਕੁ ਅਸਾਵਧਾਨੀ ਹੋ ਗਈ ਕਿ ਚਿਟਕਣੀ ਟੱਕ ਕਰਕੇ ਡਿੱਗੀ ਅਤੇ ਉਸਦੀ ਇੱਛਾ—ਕਿ ਕਿਤੇ ਬੇਬੇ ਜਾਗ ਨਾ ਪਵੇ—ਪੂਰੀ ਨਾ ਹੋ ਸਕੀ। ਇਹ ਜਾਣਨ ਲਈ ਹੀ ਕਿ ਕਿਤੇ ਬੇਬੇ ਸੱਚੀਓਂ ਜਾਗ ਨਾ ਪਈ

ਹੋਵੇ, ਉਸਨੇ ਪਿਛਾਂਹ ਪਰਤ ਕੇ ਵੇਖਿਆ।

"ਕਿੱਧਰ ਚਲਿਐਂ—ਬਾਹਰ ਨਾ ਜਾ" ਬੇਬੇ ਨੇ ਪਾਸਾ ਲਿਆ—"ਮਸਾਂ ਤਾਪ ਉਤਰਿਐ, ਮੈਂ ਭਾਂਡਾ ਕਰ ਦਿੰਦੀ ਕੋਲ" ਪਰ ਉਹ ਬਾਹਰ ਜਾ ਚੁੱਕਾ ਸੀ। 'ਅਈਜ ਅਈਜ ਕਰਦਾ ਉਹ ਦੰਦੋੜਿਕੇ ਵਜਾਉਂਦਿਆਂ ਵਾਪਸ ਮੁੜਨ ਲੱਗਾ ਤਾਂ ਬੂਹੇ 'ਤੇ ਠੱਕ ਠੱਕ ਹੋਈ। ਉਸਨੇ ਸਾਰਾ ਧਿਆਨ ਉਧਰ ਕੇਂਦਰਤ ਕਰਕੇ ਸੁਣਿਆ ਅਤੇ ਕੰਨਾਂ 'ਤੇ ਯਕੀਨ ਕੀਤਾ ਕਿ ਬਾਹਰ ਕੋਈ ਜ਼ਰੂਰ ਹੈਸੀ।

ਬੂਹੇ 'ਤੇ ਫੇਰ ਕਿਸੇ ਨੇ ਦਸਤਕ ਦਿੱਤੀ। ਉਸ ਵਿਚ ਬੂਹਾ ਖੋਲ੍ਹਣ ਦੀ ਹਿੰਮਤ ਨਾ ਰਹੀ। ਉਸਦਾ ਜੀਅ ਕਾਹਲਾ ਪੈਣ ਲੱਗ ਪਿਆ ਅਤੇ ਲੱਤਾਂ ਵਿਚ ਹੋਰ ਵੀ ਕਮਜ਼ੋਰੀ ਅਨੁਭਵ ਹੋਣ ਲੱਗੀ।

ਉਸਨੇ ਸੋਚਿਆ, ਜ਼ਰੂਰ ਹੀ ਬਲਵੰਤ ਹੋਵੇਗਾ ਜੋ ਅੰਦੋਲਨ ਦੇ ਦਿਨੀਂ, ਪੁਲੀਸ ਵਲੋਂ ਲਗਾਤਾਰ ਮਾਰੇ ਜਾ ਰਹੇ ਛਾਪਿਆਂ ਸਮੇਂ ਰੂਹਪੋਸ਼ ਹੋ ਗਿਆ ਸੀ। ਉਨ੍ਹਾਂ ਦੇ ਕਾਲਜ ਦੇ ਐਨ ਮੂਹਰੇ ਅੰਦੋਲਨਕਾਰੀਆਂ ਨੇ ਬੱਸ ਫੂਕ ਦਿੱਤੀ ਸੀ। ਬਲਵੰਤ ਕਹਿੰਦਾ ਸੀ ਕਿ ਇਹ ਕੰਮ ਉਨ੍ਹਾਂ ਦੀ ਜਥੇਬੰਦੀ ਨੇ ਨਹੀਂ ਕੀਤਾ। ਤੇਲ ਦੀ ਪੀਪੀ ਲਿਆਉਣ ਵਾਲੇ ਬਿਲਕੁਲ ਹੀ ਅਣਜਾਣੇ ਵਿਅਕਤੀ ਸਨ ਤੇ ਹੋਰ ਹੀ ਰਸਤਿਓਂ ਆ ਕੇ ਜਲੂਸ ਵਿਚ ਸ਼ਾਮਲ ਹੋ ਗਏ ਸਨ। ਕਾਲਜ ਦੇ ਸਰਗਰਮ ਵਿਦਿਆਰਥੀਆਂ ਨੂੰ ਹੁਣ ਪੁਲਸ ਲੱਭ ਰਹੀ ਸੀ। ਉਸਦੇ ਮਨ ਵਿਚ ਆਇਆ ਕਿ ਜੇ ਬਲਵੰਤ ਹੀ ਹੋਇਆ ਤਾਂ ਉਸਨੂੰ ਵਾਪਸ ਭਜਾ ਦੇਵੇਗਾ। ਚਾਹੇ ਕੁਝ ਵੀ ਸੀ—ਉਸਨੂੰ ਤਾਂ ਆਪਣੀ ਚਮੜੀ ਬਚਾਉਣੀ ਹੀ ਚਾਹੀਦੀ ਸੀ।

"ਕਿਤੇ ਪੁਲਸ ਹੀ ਨਾ ਹੋਵੇ।" ਉਸਦੇ ਬੁਲ੍ਹਾਂ ਵਿਚ ਫੁਸ ਫੁਸ ਹੋਈ। ਪਾਲੇ ਨਾਲ ਉਹ ਬੁਰੀ ਤਰ੍ਹਾਂ ਕੰਬ ਰਿਹਾ ਸੀ—"ਬਾਹਰ ਕੌਣ ਐ ਪੁੱਤ ?" ਬੇਬੇ ਦੀ ਆਵਾਜ਼ ਉਸ ਨੂੰ ਥੋੜ੍ਹੀ ਹੀ ਸੁਣੀ ਜਿਸਦਾ ਉਸ ਨੇ ਕੋਈ ਜਵਾਬ ਦਿੱਤਾ। ਬੇਬੇ ਹਾਲੇ ਵੀ ਰਜਾਈ ਵਿਚ ਪਈ ਦਿਸਦੀ ਨਹੀਂ ਸੀ। ਤਖਤੇ ਉਤੇ ਫਿਰ ਠੱਕ ਠੱਕ ਹੋਈ।

"ਕੌਣ ?" ਦੰਦ ਵਜਾਉਂਦੇ ਬਲਦੇਵ ਨੇ ਪੁੱਛਿਆ।

"ਬੂਹਾ ਖੋਲ੍ਹੋ।" ਬਾਹਰੋਂ ਕੋਈ ਭਾਰੀ ਪਰ ਮੱਧਮ ਆਵਾਜ਼ ਗਰਗਰਾਈ।

"ਕਿਹੜਾ ਸਰੀਰ ਐ ?"

"ਕਿਹੜੇ ਸਰੀਰ ਤੋਂ ਤੂੰ ਕੀ ਲੈਣੈ ? ਬਾਰ ਖੋਲ੍ਹ।" ਇਹ ਆਵਾਜ਼ ਉਸਦੀ ਜਾਣੀ ਪਛਾਣੀ ਸੀ। ਹਵਾਲਦਾਰ ਪਿਸ਼ੌਰਾ ਸਿੰਘ ਪਿਛਲੇ ਮਾਰੇ ਗਏ ਤਿੰਨਾਂ ਛਾਪਿਆਂ ਦੌਰਾਨ ਵੀ ਪੁਲਸ ਪਾਰਟੀ ਨਾਲ ਆਉਂਦਾ ਰਿਹਾ ਸੀ। ਇਹ ਆਵਾਜ਼ ਸੁਣਕੇ ਬਲਦੇਵ ਦੀ ਕੰਬਣੀ ਕਈ ਗੁਣਾਂ ਵਧ ਗਈ। ਉਹ ਸੰਭਲਿਆ। ਉਸਨੇ ਆਪਣੇ ਆਪ 'ਤੇ ਕਾਬੂ ਪਾਉਣਾ ਚਾਹਿਆ। ਨਫ਼ਰਤ ਨਾਲ ਉਸਦਾ ਮੱਥਾ ਕਸਿਆ ਗਿਆ ਅਤੇ ਉਸਨੇ ਮੁੱਕੀ ਵੱਟ ਲਈ ਪਰ ਐਨ ਉਸੇ ਵੇਲੇ ਡਰ ਅਤੇ ਘਬਰਾਹਟ ਦੀ ਇਕ ਕੰਬਣੀ ਜੇਹੀ ਉਸ ਦੀ ਕੰਗਰੋੜ ਵਿਚ ਦੀ ਲੰਘਦੀ ਪੈਰਾਂ ਤੱਕ ਚਲੀ ਗਈ ਤੇ ਮੁੜ ਸਿਰ ਨੂੰ ਚਕਰਾ ਗਈ। ਉਸਦਾ ਦਰਵਾਜ਼ਾ ਖੋਲ੍ਹਣ ਦਾ ਇਰਾਦਾ ਨਹੀਂ ਸੀ ਪਰ ਉਸਦੀ ਤਣੀ ਹੋਈ ਮੁੱਠੀ ਢਿਲੀ ਹੋ ਗਈ ਸੀ ਤੇ ਉਸਨੇ ਅਰਲ ਖਿੱਚ ਦਿਤੀ।

"ਠਿੱਠ ਕਰ ਮਾਰੇ ਇਨ੍ਹਾਂ ਨੇ ਵੀ...ਤੀਜੇ ਕੁ ਦਿਨ।" ਖੁਸ਼ਕ ਅਰਲ ਦੀ ਘਿਰਚ ਘਿਰਚ ਹੋਈ ਤਾਂ ਬੇਬੇ ਉਠ ਕੇ ਬੈਠ ਗਈ।

"ਤੈਨੂੰ ਪਤਾ ਨਹੀਂ ਸੀ ਲਗਿਆ ਬਈ ਬਾਹਰ ਤੇਰੇ ਪਿਉ ਖੜੇ ਐ ?" ਥਾਣੇਦਾਰ ਈਸ਼ਰ ਸਿੰਘ ਨੇ ਇਕ ਹੱਥ ਬਲਦੇਵ ਦੇ ਸਿਰ ਵੱਲ ਚਲਾਇਆ ਤਾਂ ਉਸਦੇ ਹੱਥ ਸਿਰਫ ਕੰਬਲ ਹੀ ਆਇਆ। ਝਟਕੇ ਨਾਲ ਕੰਬਲ ਇਕ ਪਾਸੇ ਖਿੱਚ ਕੇ ਉਸਨੇ ਉਸਦੇ ਬੋਦਿਆਂ ਨੂੰ ਹੱਥ ਪਾਇਆ ਤੇ ਜ਼ੋਰ ਦਾ ਝੂਟਾ ਦੇ ਕੇ ਕੰਧ ਵੱਲ ਧੱਕਾ ਦੇ ਦਿਤਾ। ਬਲਦੇਵ ਦੀਆਂ ਬੁਖਾਰ ਦੀਆਂ ਭੰਨੀਆਂ ਲੱਤਾਂ ਨੇ ਕੋਈ ਸਹਾਇਤਾ ਨਾ ਕੀਤੀ ਤੇ ਉਹ ਬਾਥਰੂਮ ਵਾਲੇ ਪਾਸੇ ਖਾਲੀ ਵਿਚ ਜਾ ਡਿੱਗਿਆ। ਗੰਦੀ ਹਵਾੜ ਉਸਦੇ ਨੱਕ ਨੂੰ ਚੜ੍ਹੀ। ਗੰਦੇ ਬੋ ਮਾਰਦੇ ਚਿੱਕੜ ਨਾਲ ਉਸਦਾ ਹੱਥ ਲਿਬੜ ਗਿਆ। ਪਿਛੋਂ ਪਤਾ ਲੱਗਾ ਕਿ ਕੰਬਲ ਨੂੰ ਵੀ ਗਾਰਾ ਲੱਗ ਗਿਆ ਸੀ।

ਉਸਦੇ ਸੰਭਲ ਕੇ ਉਠਦੇ ਤੀਕ ਸਾਰੇ ਪੁਲਸ ਵਾਲੇ ਹਰਲ ਹਰਲ ਕਰਦੇ ਅੰਦਰ ਘੁਸ ਗਏ ਸਨ। ਫਰਸ਼ ਉਤੇ ਅੱਡੀਆਂ ਮਾਰਦੇ ਪੁਲਸੀਆਂ ਨੂੰ ਵੇਖਦੇ ਸਾਰ ਬੇਬੇ ਦੁਰਗੀ ਨੇ ਪਹਿਲੋਂ ਹੀ ਹੱਥ ਜੋੜ ਲਏ—"ਜੀ ਬੱਚਿਆਂ ਆਲਿਆ ਉਹ ਕਾਹਨੂੰ ਆਇਐ ਉਦਣ ਦਾ।" ਉਸਨੂੰ ਬਲਦੇਵ ਦੇ ਉਹ ਸ਼ਬਦ ਵਿਸਰੇ ਹੋਏ ਸਨ, ਜਦੋਂ ਪਿਛਲੇ ਛਾਪੇ ਵਾਰੀ ਉਸਨੇ ਬੇਬੇ ਨੂੰ ਕਿਹਾ ਸੀ—"ਉਹ ਬਾਹਲੇ ਬੱਚਿਆਂ ਆਲੇ ਐ—ਹੋਰ ਕਿਸੇ ਦੇ ਬੱਚੇ ਨਹੀਂ—ਤੇ ਉਹ ਕੀਹਦੇ ਬੱਚਿਆਂ ਦੀ ਖੈਰ ਮਨਾਉਂਦੇ ਐ ? ਮੁੰਡੇ ਨੇ ਕੋਈ ਡਾਕਾ ਤਾਂ ਨੀ ਮਾਰਿਆ !"

ਬਲਦੇਵ ਉਨ੍ਹਾਂ ਦੇ ਪਿੱਛੇ ਪਿੱਛੇ ਕਮਰੇ ਵਿਚ ਆ ਗਿਆ। ਪੁਲਸੀਆਂ ਨੇ ਆਉਂਦਿਆਂ ਹੀ ਸਾਰੇ ਮੰਜੇ ਇਧਰ ਉਧਰ ਚਲਾ ਮਾਰੇ ਜਿਸ ਨਾਲ ਇਕ ਮੰਜੇ ਦੀ ਬਾਹੀ ਟੁੱਟ ਗਈ ਤੇ ਚੂਲ ਉਖੜ ਗਈ। "ਉਠ ਬੁੱਢੀਏ ਹੋ ਜਾ ਖੜੀ !"—ਹਵਾਲਦਾਰ ਪਿਸ਼ੌਰਾ ਸਿੰਘ ਕੜਕਿਆ ਤੇ ਫਿਰ ਪਿਛੇ ਖੜੇ ਬਲਦੇਵ ਵੱਲ ਵੇਖ ਕੇ ਕਹਿਣ ਲੱਗਾ—"ਤੈਨੂੰ ਪਤਾ ਨੀ ਸੀ—ਬਈ ਤੇਰੇ ਪਿਉ ਕਦੋਂ ਦੇ ਤਖ਼ਤੇ ਖੜਕਾਈ ਜਾਂਦੇ ਐ ?" ਬੇਬੇ ਦੁਰਗੀ ਨੇ 'ਹੇ ਰਾਮ !' ਕਿਹਾ। ਉਸਦੀ ਉਠਦੀ ਚਾਰ ਕੁ ਉਂਗਲਾਂ ਦੀ ਢਾਈ ਕੁ ਵਾਲਾਂ ਵਾਲੀ ਸਫੈਦ ਗੁਤ ਕੰਬੀ।

ਅੱਧੋਰਾਣੀ ਜੇਹੀ ਖੇਸੀ ਦੀ ਉਸਨੇ ਬੁਕਲ ਮਾਰੀ ਪਰ ਰਜਾਈ 'ਚੋਂ ਬਾਹਰ ਨਿਕਲਦਿਆਂ ਹੀ ਸੀਤ ਚੜ੍ਹ ਗਿਆ—''ਉਹਨੇ ਚੰਦਰੇ ਮੂੰਹ ਵਾਲੇ ਨੇ ਤਾਂ ਘਰ ਦਾ ਮੂੰਹ ਵੀ ਨਹੀਂ ਵੇਖਿਆ—ਮੈਂ ਮਰਗੀ ਮਾੜੇ ਕਰਮਾਂ ਆਲੀ।'' ਬੇਬੇ ਨੇ ਦੋਵੇਂ ਹੱਥ ਜੋੜੇ ਹੋਏ ਸਨ ਤੇ ਬਲਦੇਵ ਘਰਾਬਰ ਚਿਤਾਰ ਰਿਹਾ ਸੀ—''ਬੇਬੇ ਕਿਉਂ ਖਾਹ-ਮਖਾਹ ਹੱਥ ਜੋੜੇ ਐ—ਤੇਰੀ ਦਾਦ ਫਰਿਆਦ ਸੁਣਨ ਵਾਲੀ ਇਹ ਸਰਕਾਰ ਨਹੀਂ ਜੋ ਤੇਰੇ ਘਰ ਪਧਾਰੀ ਹੋਈ ਐ।

''ਚੁੱਪ ਕਰ ਬੁੱਢੀਏ।'' ਹਵਾਲਦਾਰ ਹੀ ਫੇਰ ਕੜਕਿਆ। ਥਾਣੇਦਾਰ ਤਾਂ ਨਰਮੀ ਅਤੇ ਸਿਆਣਪ ਦਾ ਪਰਭਾਵ ਪਾਉਣ ਲਈ ਬੂਟ ਦੀ ਨੋਕ 'ਤੇ ਬੈਂਤ ਖੁਭੋ ਰਿਹਾ ਸੀ, ''ਇਥੋਂ ਹੀ ਕੱਢਾਂਗੇ ਤੇਰੇ ਖਸਮ ਨੂੰ।'' ਥਾਣੇਦਾਰ ਨੇ ਮਾਂ ਦਾ ਲਿਹਾਜ ਕਰਕੇ ਕਿਹਾ।

''ਹਰੇ ਰਾਮ !'' ਬੇਬੇ ਦਾ ਉਤਲਾ ਸਾਹ ਉਤਾਂਹ ਹੀ ਗਿਆ।

ਭਾਰੇ ਬੂਟਾਂ ਦੀ ਠੱਪ ਠੱਪ ਘਰ ਦੀ ਤਲਾਸੀ ਹੁੰਦੀ ਰਹੀ। ਅਲਮਾਰੀਆਂ ਵਿਚਲੀਆਂ ਕਿਤਾਬਾਂ, ਰਸਾਲੇ ਅਖਬਾਰਾਂ ਅਤੇ ਖ਼ਬਰਾਂ ਦੀਆਂ ਕਾਤਰਾਂ ਵਾਲੀ ਫਾਈਲ ਫਰਸ਼ 'ਤੇ ਇਧਰ ਉਧਰ ਖਿਲਰੀਆਂ ਸਿਸਕੀਆਂ ਭਰ ਰਹੀਆਂ ਸਨ। ਪੁਲਸ ਵਾਲੇ ਕਿਤਾਬਾਂ 'ਤੇ ਬੂਟ ਰੱਖ ਕੇ ਇਧਰ ਉਧਰ ਲੰਘਦੇ ਰਹੇ। ਕਈ ਕਿਤਾਬਾਂ ਦੀਆਂ ਜਿਲਦਾਂ ਟੁੱਟ ਗਈਆਂ। ਰਸਾਲਿਆਂ ਦੇ ਟਾਈਟਲ ਪਾਟ ਕੇ ਵੱਖ ਹੋ ਗਏ। ਤੇ ਬਲਦੇਵ ਪਲੋ ਪਲ ਸੁੰਨ ਹੋਈ ਜਾਂਦਾ ਸੀ।

''ਤੂੰ ਚੱਲ ਓਇ ਇਧਰ—ਨੱਸ ਵੀ ਨਾ ਜਾਈਂ ਕਿਧਰੇ।'' ਵੱਡੀਆਂ ਵੱਡੀਆਂ ਲਾਲ ਸੂਹੀਆਂ ਅੱਖਾਂ 'ਚੋਂ ਥਾਣੇਦਾਰ ਨੇ ਬਲਦੇਵ ਨੂੰ ਘੂਰਿਆ। ਚੌੜ ਚੌੜੇ ਮੂੰਹ, ਮੋਟੇ ਮੋਟੇ ਕਾਲੇ ਬੁੱਲ੍ਹ ਅਤੇ ਪਕੌੜੇ ਜੇਡੇ ਸਿਆਹੀਆਂ ਵਾਲੇ ਨੱਕ 'ਤੇ ਦੋ ਤਿੰਨ ਮਾਤਾ ਦੇ ਦਾਗ਼ ਥਾਣੇਦਾਰ ਸਾਹਿਬ ਦੀ ਸ਼ਖਸੀਅਤ ਨੂੰ ਹੋਰ ਡਰਾਉਣੀ ਬਣਾ ਰਹੇ ਸਨ। ਦੋ ਤਿੰਨ ਸਿਪਾਹੀ ਇਕ ਦਮ ਬੰਦੂਕਾਂ ਸੰਭਾਲਦੇ ਉਸਦੇ ਦੁਆਲੇ ਹੋ ਗਏ।

ਬਲਦੇਵ ਨੇ ਤਾਕੀ ਦਾ ਸਹਾਰਾ ਲੈ ਲਿਆ। ਉਸ ਤੋਂ ਹੋਰ ਖੜਾ ਨਹੀਂ ਸੀ ਜਾਂਦਾ ਤੇ ਉਸਨੂੰ ਲਗਦਾ ਸੀ ਕਿ ਉਹ ਹੁਣੇ ਡਿੱਗਿਆ ਕਿ ਡਿਗਿਆ।

ਦੂਜੇ ਕਮਰੇ ਵਿਚ ਪੁਲਸੀਆਂ ਨੇ ਕੁੱਝ ਬਹੁਤੀ ਹੀ ਉਧੜ ਧੁੰਮੀ ਮਚਾਈ। ਚਰਖਾ ਪਰ੍ਹਾਂ ਰੋੜ੍ਹਿਆ ਤਾਂ ਉਸਦੇ ਮੁੰਨੇ ਤੇ ਫੱਟ ਵੱਢੀ ਟੁੱਕੀ ਲਾਸ਼ ਵਾਂਗ ਖਿਲਰ ਗਏ। ਪੇਟੀ ਵਿਚਲਾ ਸਾਮਾਨ, ਬਿਸਤਰੇ ਅਤੇ ਹੋਰ ਨਿਕ ਸੁੱਕ ਇਧਰ ਉਧਰ ਪਟਕਾ ਮਾਰਿਆ। ਬੇਬੇ ਦੀ ਦਾਜ ਵਾਲੀ ਟੋਕਣੀ ਵਿਚ ਇਕ ਮਧਰੇ ਫੀਨ੍ਹੇ ਜੇਹੇ ਸਿਪਾਹੀ ਨੇ ਰਾਈਫਲ ਦਾ ਬੱਟ ਮਾਰਿਆ ਤਾਂ ਟੋਕਣੀ ਚਿੱਬ-ਖੜਿੱਬੀ ਹੋ ਗਈ।

ਕੋਈ ਅੱਧੇ ਘੰਟੇ ਵਿਚ ਸਾਰੀ ਕਾਰਵਾਈ ਹੋ ਗਈ। ਭੂਰ ਨੂਰ ਕੰਬਦੀ ਬੇਬੇ ਦੁਰਗੀ ਪਰਲ ਪਰਲ ਹੰਝੂ ਵਗਾਉਂਦੀ ਰਹੀ। ਉਸਦੇ ਮੂੰਹੋਂ ਹੁਣ ਕੋਈ ਆਵਾਜ਼ ਨਹੀਂ ਸੀ ਨਿਕਲਦੀ। ਸ਼ਾਇਦ ਉਸਨੂੰ ਸਮਝ ਆ ਗਈ ਸੀ ਕਿ ਉਸਦੀ ਆਵਾਜ਼ ਸੁਣਨੀ ਹੀ ਕੀਹਨੇ ਸੀ ? ਉਸਨੇ ਛੇਤੀ ਛੇਤੀ ਹੰਝੂ ਵੀ ਪੂੰਝ ਲਏ। ਸ਼ਾਇਦ ਉਹ ਪੁਲਸੀਆਂ ਨੂੰ ਵਿਖਾਉਣਾ ਨਹੀਂ ਸੀ ਚਾਹੁੰਦੀ ਭਾਵੇਂ ਕਿ ਉਹ ਹੋਰ ਅਨੇਕਾਂ ਮਾਵਾਂ ਵਾਂਗ ਹੰਝੂਆਂ ਦੀ ਆਦੀ ਹੋ ਗਈ ਸੀ।

''ਬੇਬੇ ਲੋਕਾਂ ਵਾਸਤੇ ਕੁੱਝ ਕਰਨਾ ਸਾਡਾ ਫਰਜ਼ ਹੈ—ਤੂੰ ਆਪਣੇ ਨਾਂ ਨੂੰ ਲਾਜ ਨਾ ਲਾਈਂ—ਦੁਰਗਾ ਬਣ ਕੇ ਵਿਖਾਈਂ।'' ਉਸਦੇ ਕੰਨਾਂ ਵਿਚ ਬਲਵੰਤ ਦੇ ਬੋਲ ਗੂੰਜੇ। ਇਹ ਉਸਨੇ ਕਿਉਂ ਆਖੇ ਸਨ ? ਚੰਗਾ ਸੀ ਉਹ ਨਾ ਹੀ ਆਖਦਾ। ਉਹ ਸੋਚਣ ਲੱਗੀ। ਦੁਰਗਾ ਬਣ ਕੇ ਉਸ ਨੇ ਰੰਡੇਪਾ ਤਾਂ ਕੱਟ ਲਿਆ ਸੀ ਪਰ ਹੁਣ ਪਾਲ ਪੋਸ ਕੇ ਪੋਰੇ ਵਰਗੇ ਕੀਤੇ ਪੁੱਤਾਂ ਦੇ ਦੁੱਖ ਝੱਲਣ ਨੂੰ ਹੀ ਉਹ ਜਿਉਂਦੀ ਬੈਠੀ ਸੀ—ਸ਼ਾਇਦ।

''ਇਨਕਲਾਬ ਲਿਆਉਣਾ ਸੌਖਾ ਨਹੀਂ—ਚੱਲ ਤੈਨੂੰ ਪੱਕਾ ਕਾਮਰੇਡ ਬਣਾਈਏ।'' ਥਾਣੇਦਾਰ ਨੇ ਬਲਦੇਵ ਦੇ ਮੋਢੇ 'ਤੇ ਵਿਅੰਗ ਮਈ ਅਪੱਣਤ ਨਾਲ ਹੱਥ ਰਖਿਆ। ਬਲਦੇਵ ਨੂੰ ਇਹ ਹੱਥ ਅੱਗ ਵਰਗਾ ਤੇ ਪੱਥਰ ਵਾਂਗ ਭਾਰਾ ਲਗਿਆ ਪਰ ਉਹ ਖੜਾ ਰਿਹਾ—ਆਪਣੇ ਆਪ ਨੂੰ ਸੰਭਾਲਦਾ ਹੋਇਆ। ਇਕ ਵਾਰ ਉਸਨੇ ਬੇਨਤੀ ਕੀਤੀ ਕਿ ਜੇ ਪੁਲਸ ਨੂੰ ਉਸਦੀ ਜ਼ਰੂਰਤ ਹੈ ਹੀ ਤਾਂ ਉਹ ਕਲ੍ਹ ਨੂੰ ਆਪ ਹੀ ਹਾਜ਼ਰ ਹੋ ਜਾਏਗਾ, ਕਿਉਂਕਿ ਉਹ ਕਈ ਦਿਨਾਂ ਤੋਂ ਬੁਖਾਰ ਦਾ ਭੰਨਿਆ ਪਿਆ ਸੀ, ਪਰ ਥਾਣੇਦਾਰ ਨਾ ਮੰਨਿਆ। ਇਸ ਨਾਲ ਬਲਦੇਵ ਨੂੰ ਨਫ਼ਰਤ ਅਤੇ ਡਰ ਦੇ ਰਲਵੇਂ ਮਿਲਵੇਂ ਦੌਰੇ ਨੇ ਸੁੰਨ ਜੇਹਾ ਕਰ ਦਿਤਾ।

— — —

ਹਵਾਲਾਤ ਵਿਚ ਬੈਠਾ ਉਹ ਸਭ ਕੁੱਝ ਚੇਤੇ ਕਰ ਗਿਆ ਜੋ ਅੱਜ ਦੀ ਰਾਤ ਹੋਇਆ ਸੀ। ਅਖਬਾਰਾਂ ਦੀਆਂ ਨਿੱਤ ਦੀਆਂ ਹੀ ਖਬਰਾਂ ਸਨ ਕਿ ਅੰਦੋਲਨ ਜ਼ੋਰ ਫੜ ਗਿਆ ਹੈ। ਸਰਕਾਰੀ ਬੁਲਾਰਿਆਂ ਦੇ ਨਿੱਤ ਬਿਆਨ ਹੁੰਦੇ ਸਨ ਕਿ ਅੰਦੋਲਨਕਾਰੀਆਂ ਨੂੰ ਸਖਤੀ ਨਾਲ ਕੁਚਲ ਦਿੱਤਾ ਜਾਵੇਗਾ। ਨਿੱਤ ਦੇ ਛਾਪੇ ਅਤੇ ਗ੍ਰਿਫਤਾਰੀਆਂ ਸਭ ਕੁਝ ਹੀ ਉਸਦੇ ਦਿਮਾਗ਼ ਵਿਚ ਰਲਗੱਡ ਜਿਹਾ ਹੋਇਆ ਪਿਆ ਸੀ। ਜਿਵੇਂ ਇਹ ਉਸਦੀ ਜ਼ਿੰਦਗੀ ਦਾ ਅੰਗ ਬਣ ਗਏ ਸਨ।

ਉਸਨੂੰ ਨੀਂਦ ਨਹੀਂ ਸੀ ਆ ਰਹੀ। ਉਸ ਕੋਲ ਘਰੋਂ ਲਿਆਂਦਾ ਇਕੋ ਇਕ ਕੰਬਲ ਹੀ ਕੁਝ ਚੰਗਾ ਸੀ, ਨਹੀਂ ਤਾਂ ਹਵਾਲਾਤ ਵਾਲੇ ਮਘੋਰਿਆਂ ਵਾਲੇ ਤੇ ਸਿੱਲ੍ਹੀ ਸਿੱਲ੍ਹੀ ਬੋ

ਮਾਰਦੇ ਕੰਬਲ ਪਿੰਡੇ ਦੇ ਨੇੜੇ ਕਰਨ ਦੇ ਵੀ ਯੋਗ ਨਹੀਂ ਸਨ। ਬਹੁਤ ਵਿਥ 'ਤੇ ਖੰਭੇ ਨਾਲ ਲਟਕਦੇ ਬੱਲਵ ਦਾ ਮੱਧਮ ਚਾਨਣ ਹਵਾਲਾਤ ਵਿਚ ਆ ਰਿਹਾ ਸੀ। ਜਿਥੇ ਇਹ ਮਨ ਨੂੰ ਥੋੜੀ ਜੇਹੀ ਧੀਰਜ ਦਿੰਦਾ ਸੀ। ਉਥੇ ਸਰੀਰ ਨੂੰ ਇਸਦਾ ਰੱਤੀ ਭਰ ਵੀ ਨਿੱਘ ਨਹੀਂ ਸੀ। ਇਕੱਲ ਅਤੇ ਕੈਦ ਦੀ ਸੂਰਤ ਵਿਚ ਇਹੋ ਚਾਨਣ ਉਸਦਾ ਸੰਗੀ ਸਾਥੀ ਬਣ ਕੇ ਸਾਥ ਨਿਭਾ ਰਿਹਾ ਸੀ।

ਹਵਾਲਾਤ ਵਾਲੇ ਦੋਵੇਂ ਕੰਬਲ ਨਾ ਉਪਰ ਲੈਣ ਯੋਗ ਸਨ ਨਾਂ ਹੇਠ ਵਿਛਾਉਣ ਜੋਕਰੇ। ਉਹ ਹੋਰ ਹੋਰ ਕੁੰਗੜਦਾ ਜਾ ਰਿਹਾ ਸੀ। ਹੋਰ ਤਸੱਲੀ ਕਰਨ ਲਈ ਉਸਨੇ ਖੜਾ ਹੋ ਕੇ ਦੋਵੇਂ ਕੰਬਲ ਝਾੜ ਕੇ ਵੇਖੇ। ਖੱਸੜ ਜੇਹੀ ਉਨ ਦੀ ਬੋ ਮਾਰਦੀ ਗਰਦ ਉਡੀ। ਉਸਨੂੰ ਖੰਘ ਛਿੜ ਪਈ। ਇਕ ਕੰਬਲ ਉਸਨੇ ਦੂਹਰਾ ਚਹੁਰਾ ਕਰਕੇ ਹੇਠ ਵਿਛਾ ਲਿਆ ਅਤੇ ਇਕ ਆਪਣੇ ਕੰਬਲ ਦੇ ਉਪਰ ਜੋੜ ਲਿਆ। ਉਸਦੀ ਬੀ ਕਲਾਸ ਵਾਲੀ ਮੰਗ 'ਤੇ ਥਾਣੇਦਾਰ ਨੇ ਖਸਿਆਨੇ ਲਹਿਜੇ ਵਿਚ ਕਿਹਾ ਸੀ — "ਕੋਈ ਨਹੀਂ ਕਾਮਰੇਡਾ ਹੁਣ ਆਰਾਮ ਕਰ ਲੈ-ਸਵੇਰੇ ਬੀ ਕਲਾਸ ਇਕੱਠੀਆਂ ਦੇ ਦਿਆਂਗੇ।" ਮੁੱਛਾ ਗੁੱਛਾ ਜੇਹਾ ਹੋ ਕੇ ਉਹ ਗੋਡੇ ਢਿੱਡ ਵਿਚ ਦੇਈ ਸੌਣ ਦਾ ਜਤਨ ਕਰਨ ਲੱਗਾ।

ਉਸਦਾ ਪੱਤਰਕਾਰ ਅਤੇ ਲੇਖਕ ਮਨ ਉਸਦਾ ਸਾਥ ਛਡ ਗਿਆ ਸੀ। ਉਸ ਅੰਦਰ ਹੁਣ ਹੌਂਸਲਾ ਨਹੀਂ ਸੀ। ਉਸਨੂੰ ਇਕੋ ਡਰ ਮਾਰੀ ਜਾਂਦਾ ਸੀ ਕਿ ਕਿਤੇ ਠੰਢ ਲੱਗ ਕੇ ਬੁਖਾਰ ਫੇਰ ਨਾ ਹੋ ਜਾਏ। ਉਸਨੂੰ ਹੁਣ ਕਿਸੇ ਜਮਹੂਰੀ ਹੱਕ ਦੇ ਕੁਚਲੇ ਜਾਣ ਦਾ ਤੌਖਲਾ ਨਹੀਂ ਸੀ, ਜਿਸ ਬਾਰੇ ਉਹ ਆਮ ਤੌਰ 'ਤੇ ਲੇਖ ਅਤੇ ਖ਼ਬਰਾਂ ਦਿਆ ਕਰਦਾ ਸੀ। ਹੁਣ ਉਸਨੂੰ ਬੁੱਢੀ ਮਾਂ ਦੀ ਯਾਦ ਵੀ ਨਹੀਂ ਸੀ ਆ ਰਹੀ ਤੇ ਨਾ ਹੀ ਉਸਦੇ ਦਿਮਾਗ਼ ਵਿਚ ਕਲ੍ਹ ਵਾਲਾ ਸਿਰਲੇਖ "ਕਾਨੂੰਨ ਦੇ ਰਾਖਿਆ ਦੁਆਰਾ ਕਾਨੂੰਨ ਦੀ ਮਿੱਟੀ ਪਲੀਤ" ਸੀ ਜਿਸ ਉਤੇ ਉਹ ਆਰਟੀਕਲ ਲਿਖਣ ਦੀਆਂ ਸਲਾਹਾਂ ਕਰਦਾ ਸੀ। ਹੁਣ ਉਸਨੂੰ ਪਾਲੇ ਤੋਂ ਬਚਨ ਲਈ ਕੋਈ ਸਾਧਨ ਨਹੀਂ ਸੀ ਲੱਭ ਰਿਹਾ।

ਉਸਨੇ ਬੈਠਾ ਹੋ ਕੇ ਪਰ੍ਹਾਂ ਖੜ੍ਹੇ ਸੰਤਰੀ ਵੱਲ ਵੇਖਿਆ ਜੋ ਸ਼ਾਇਦ ਨੀਂਦ ਟਾਲਣ ਲਈ ਹੀ ਕਿੱਲਾਂ ਵਾਲੇ ਬੂਟ ਥੱਪ ਥੱਪ ਮਾਰਦਾ ਸੀ। ਉਸਨੇ 'ਸੰਤਰੀ ਸਾਹਿਬ' ਕਹਿਕੇ ਆਵਾਜ਼ ਦਿੱਤੀ। ਸੰਤਰੀ ਰੁਕ ਗਿਆ ਤਾਂ ਥਾਣੇ ਦੇ ਅਹਾਤੇ ਵਿਚ ਸ਼ਾਂਤੀ ਪਸਰ ਗਈ। ਬਲਦੇਵ ਦੇ ਅੰਦਰ ਇਕ ਤਣਾਅ ਜੇਹਾ ਆ ਗਿਆ ਜਿਵੇਂ ਹੁਣ ਕੋਈ ਘਟਨਾ ਹੋਣ ਵਾਲੀ ਹੋਵੇ। ਉਸਨੇ ਇਹ ਮਹੌਲ ਪਹਿਲੀ ਵਾਰ ਵੇਖਿਆ ਸੀ। ਹਾਂ ਇਸੇ ਕਰਕੇ ਉਸਨੂੰ ਬੂਟਾਂ ਦੇ ਕਿੱਲਾਂ ਦਾ ਖੜਕਾ ਓਪਰਾ ਤੇ ਭਿਆਨਕ ਲਗਦਾ ਸੀ। ਇਸਦੇ ਨਾਲ ਹੀ ਉਹ ਚਾਹੁੰਦਾ ਸੀ ਕਿ ਇਹ ਖੜਕਾ ਹੋਈ ਜਾਵੇ ਨਹੀਂ ਤਾਂ ਉਸਨੇ ਇਕੱਲਾ ਰਹਿ ਜਾਣਾ ਸੀ।

ਦੂਜੇ ਪਾਸਿਓਂ ਕੋਈ ਜਵਾਬ ਨਾ ਆਇਆ। ਦੁਬਾਰਾ ਬੋਲ ਮਾਰਨ ਨੂੰ ਉਸਦਾ ਜੀਅ ਵੀ ਨਹੀਂ ਸੀ ਕਰਦਾ ਪਰ ਇਸ ਤੋਂ ਛੁੱਟ ਹੋਰ ਕੋਈ ਚਾਰਾ ਵੀ ਨਹੀਂ ਸੀ।

"ਸੰਤਰੀ ਸਾਹਿਬ !" ਉਸਨੇ ਦੁਬਾਰਾ ਅਹਿਸਤਾ ਹੀ ਕਿਹਾ। ਕਿੱਲਾਂ ਵਾਲੇ ਬੂਟਾਂ ਦੀ ਠੱਪ ਠੱਪ ਉਸ ਵੱਲ ਆਉਣ ਲੱਗੀ। ਜਿਵੇਂ ਜਿਵੇਂ ਸੰਤਰੀ ਨੇੜੇ ਆਉਂਦਾ ਜਾਂਦਾ ਉਸਦਾ ਤੌਖਲਾ ਵਧਦਾ ਜਾਂਦਾ ਸੀ ਤਾਂ ਵੀ ਉਹ ਆਪਣੇ ਹੋਰ ਜਜ਼ਬਿਆਂ ਨੂੰ ਕਾਬੂ ਕਰਦਾ ਬੋਲਿਆ — "ਮਿੱਤਰ ! ਚਾਹ ਦਾ ਕੱਪ ਈ ਮੰਗਵਾ ਦੇ ਇਥੋਂ ਕਿਤੋਂ।" ਉਸਦਾ ਖ਼ਿਆਲ ਸੀ ਕਿ ਸ਼ਾਇਦ ਚਾਹ ਪੀ ਕੇ ਹੀ ਠੰਢ ਕੁੱਝ ਘਟ ਜਾਏਗੀ।

"ਏਸ ਵੇਲੇ ਬਾਹਰੋਂ ਤਾਂ ਮਿਲਣੀ ਨਹੀਂ" ਉਸ ਦੀ ਆਸ ਤੋਂ ਉਲਟ ਸੰਤਰੀ ਦੀ ਆਵਾਜ਼ ਵਿਚ ਬੜੀ ਹੀ ਮਿਠਾਸ ਸੀ—"ਮੇਰੀ ਡਿਊਟੀ ਖ਼ਤਮ ਹੋਣ ਹੀ ਵਾਲੀ ਹੈ ਮੈਂ ਆਪਣੇ ਕੁਆਰਟਰ 'ਚੋਂ ਬਣਾਕੇ ਲਿਆ ਦਿਊਂ।" ਬਲਦੇਵ ਦਾ ਹੌਂਸਲਾ ਦੂਣਾ ਚੌਣਾ ਹੋ ਗਿਆ। ਉਸਨੂੰ ਤਿੱਖਾ ਅਤੇ ਬਿਲਕੁਲ ਪਹਿਲੀ ਵਾਰ ਅਹਿਸਾਸ ਹੋਇਆ ਕਿ ਸਾਡੇ ਪੁਲਸੀਏ ਇਕੋ ਜੇਹੇ ਜਾਹਲ ਨਹੀਂ ਹੁੰਦੇ। ਬਹੁਤ ਸਾਰਿਆਂ ਵਿਚ ਮਨੁੱਖਤਾ ਦਾ ਮਾਦਾ ਵੀ ਹੁੰਦਾ ਹੋਵੇਗਾ। "ਕੀ ਗੱਲ ਨੀਂਦ ਨਹੀਂ ਆਈ ?" ਸੰਤਰੀ ਨੇ ਇਕ ਹੱਥ ਨਾਲ ਹਵਾਲਾਤ ਦੀਆਂ ਸੀਖਾਂ ਫੜੀਆਂ ਹੋਈਆਂ ਸਨ ਤੇ ਉਹ ਥੋੜੇ ਥੋੜੇ ਚਿਰ ਮਗਰੋਂ ਪਿਛੇ ਵੇਖ ਰਿਹਾ ਸੀ — ਸ਼ਾਇਦ ਉਸਨੂੰ ਕੋਈ ਖ਼ਤਰਾ ਲੱਗਦਾ ਸੀ। ਉਹ ਬਰਾਬਰ ਠੱਪ ਠੱਪ ਕਰਦਾ ਰਿਹਾ।

"ਠੰਢ ਈ ਨੀ ਉਤਰਦੀ" — ਬਲਦੇਵ ਨੂੰ ਇਕ ਤਰ੍ਹਾਂ ਨਾਲ ਹੌਂਸਲਾ ਪੈ ਗਿਆ ਸੀ — "ਇਕ ਆਹ ਕੰਬਲ ਜੇ ਨੀ ਚੱਜ ਦੇ।' ਉਸਨੇ ਆਸੇ ਪਾਸੇ ਤੋਂ ਹੋਰ ਘੁੱਟ ਕੇ ਕੰਬਲ ਦਬਾਇਆ ਤੇ ਠੰਡ ਰੋਕਣ ਦਾ ਬੇਅਰਥ ਜਤਨ ਕੀਤਾ।

ਸੰਤਰੀ, ਜਿਸਨੇ ਮਗਰੋਂ ਆਪਣਾ ਨਾਂ ਦੱਸਣ ਤੋਂ ਇਨਕਾਰ ਕਰ ਦਿਤਾ ਸੀ, ਨੇ ਝੱਟ ਪੱਟ ਦੋ ਮੋਟੇ ਮੋਟੇ ਅਤੇ ਸਿਲਤਾਂ ਵਾਂਗ ਚੁਭਣ ਵਾਲੇ ਕੰਬਲ ਲਿਆ ਦਿਤੇ।

ਸਵੇਰੇ ਹਾਲੇ ਉਹ ਜਾਗਿਆ ਵੀ ਨਹੀਂ ਸੀ ਜਦੋਂ ਡਿਊਟੀ ਦੇ ਰਹੇ ਸੰਤਰੀ ਨੇ ਹਵਾਲਾਤ ਦੀਆਂ ਸੀਖਾਂ ਵਜਾਈਆਂ। ਫੁੱਲੇ ਹੋਏ ਛੱਪਰਾਂ ਵਾਲੀਆਂ, ਲਾਲ ਸੂਹੀਆਂ ਅੱਖਾਂ ਮਸਾਂ ਖੋਲ੍ਹਕੇ ਉਸਨੇ ਸੰਤਰੀ ਵੱਲ ਵੇਖਿਆ। ਸੰਤਰੀ ਚਾਹ ਦਾ ਗਲਾਸ ਲਈ ਖੜ੍ਹਾ ਸੀ ਜੋ ਉਸਨੇ ਸੀਖਾਂ ਵਿਚ ਦੀ ਅੰਦਰ ਲੰਘਾ ਦਿਤਾ। ਬਲਦੇਵ ਰਾਇ ਨੂੰ

ਬੁਰਸ਼ ਕਰਨ ਦਾ ਖ਼ਿਆਲ ਆਇਆ ਪਰ ਉਥੇ ਤਾਂ ਕੁਰਲੀ ਕਰਨ ਨੂੰ ਪਾਣੀ ਵੀ ਨਹੀਂ ਸੀ। ਪਿਸ਼ਾਬ ਵਾਲੇ ਘੜੇ ਦੀ ਕੌੜੀ ਹਵਾੜ ਉਸਦੇ ਨੱਕ ਨੂੰ ਚੜ੍ਹੀ ਤੇ ਉਸਨੇ ਗਲਾਸ ਬੁਲ੍ਹਾਂ ਨੂੰ ਲਾ ਲਿਆ। ਮੂੰਹ ਦਾ ਸੁਆਦ, ਕੁਝ ਬੁਖ਼ਾਰ ਕਰਕੇ ਵੀ ਅੱਕ ਵਰਗਾ ਸੀ। ਬੁੱਲ੍ਹਾਂ 'ਤੇ ਮੋਟੀ ਸਿਕਰੀ ਜੰਮੀ ਹੋਈ ਸੀ। ਨਿੱਕੀਆਂ ਨਿੱਕੀਆਂ ਘੁਟਾਂ ਨਾਲ ਉਸਨੇ ਚਾਹ ਪੀਤੀ।

"ਕੰਬਲ ਵੀ ਫੜਾ ਦੇ ਭਰਾਵਾ" ਸੰਤਰੀ ਨੇ ਖਾਲੀ ਗਲਾਸ ਸੀਖਾਂ ਵਿਚੋਂ ਬਾਹਰ ਕੱਢ ਕੇ ਕਿਹਾ — "ਫੇਰ ਸਾਹਿਬ ਨੇ ਆ ਜਾਣੈ, ਐਵੇਂ ਹੱਬ ਦੱਬ ਕਰੂ ਸਾਨੂੰ।" ਬਲਦੇਵ ਨੂੰ ਕੁਝ ਕੁ ਮਾਨਸਕ ਤਸੱਲੀ ਹੋਈ ਕਿ ਇਹ ਸੰਤਰੀ ਵੀ ਰਾਤ ਵਾਲੇ ਸੰਤਰੀ ਵਰਗਾ ਹੀ ਦਿਆਲੂ ਸੀ। ਜਦ ਸੰਤਰੀ ਛੇਤੀ ਛੇਤੀ ਕੰਬਲਾਂ ਨੂੰ ਸੀਖਾਂ ਵਿਚ ਦੀ ਬਾਹਰ ਖਿੱਚ ਰਿਹਾ ਸੀ ਤਾਂ ਬਲਦੇਵ ਰਾਇ ਕਿਰਤੱਗਤਾ ਨਾਲ ਉਸ ਵੱਲ ਵੇਖ ਰਿਹਾ ਸੀ। "ਮਿਹਰਬਾਨੀ ਭਰਾਵਾ !" ਉਸਨੇ ਕਿਹਾ।

ਦਸ ਵਜੇ ਦੇ ਕਰੀਬ ਘਰ ਵਲੋਂ ਕੋਈ ਜਣਾ ਚਾਹ ਅਤੇ ਖਿਚੜੀ ਲੈ ਕੇ ਆ ਗਿਆ। ਉਸਦੇ ਮਗਰ ਹੀ ਉਸਦੇ ਜਾਣੂ ਪਛਾਣੂ ਅੱਠ ਦਸ ਆਦਮੀਂ ਥਾਣੇ ਦੇ ਅਹਾਤੇ ਵਿਚ ਆ ਦਾਖ਼ਲ ਹੋਏ।

"ਅਸੀਂ ਡੀ. ਐਸ. ਪੀ. ਸਾਹਿਬ ਨੂੰ ਬੇਨਤੀ ਕਰਦੇ ਆਂ ਤੇ ਤੈਨੂੰ ਛੁਡਾ ਕੇ ਨਾਲ ਈ ਲੈ ਕੇ ਜਾਵਾਂਗੇ।" ਮਿਊਂਸਪਲ ਕਮਿਸ਼ਨਰਾਂ ਦੇ ਸ਼ਬਦਾਂ ਨਾਲ ਉਸਦਾ ਹੌਂਸਲਾ ਹੋਰ ਵੀ ਵਧ ਗਿਆ। ਉਸਨੂੰ ਥਾਣੇ ਦਾ ਮਹੌਲ ਹੁਣ ਵੱਢ ਖਾਣਿਆਂ ਵਰਗਾ ਲਗਣੋਂ ਹਟ ਗਿਆ ਸੀ।

ਉਸ ਤੋਂ ਥੋੜ੍ਹੇ ਚਿਰ ਬਾਅਦ ਹੀ ਡੀ. ਐਸ. ਪੀ. ਸਾਹਿਬ ਦੀ ਜੀਪ ਥਾਣੇ ਦੇ ਗੇਟ ਮੂਹਰੇ ਆ ਰੁਕੀ। ਬੜੀ ਫੁਰਤੀ ਨਾਲ ਡਿਊਟੀ 'ਤੇ ਖੜੋਤੇ ਸੰਤਰੀ ਨੇ ਰਾਈਫ਼ਲ ਹਵਾ ਵਿਚ ਉਪਰ ਉਠਾ ਕੇ ਮੋਢੇ ਨਾਲ ਲਾਈ ਅਤੇ ਜ਼ੋਰ ਨਾਲ ਹੱਥ ਦੀ ਥਾਪ ਮਾਰ ਕੇ ਉਨੀ ਹੀ ਫੁਰਤੀ ਨਾਲ ਹੱਥਾਂ ਵਿਚ ਬਦਲਦਾ ਵਾਪਸ ਉਸੇ ਥਾਂ 'ਤੇ ਲੈ ਗਿਆ। ਥਾਉਂ ਥਾਈਂ ਸਾਰੇ ਸਾਵਧਾਨ ਹੋ ਗਏ ਤਾਂ ਮਹੌਲ ਖਾਸਾ ਤਣਿਆ ਜੇਹਾ ਗਿਆ।...

ਕਿਸੇ ਸਿਪਾਹੀ ਨੇ ਹਵਾਲਾਤ ਨੂੰ ਲੱਗੇ ਤਾਲੇ ਵਿਚ ਚਾਬੀ ਘੁਮਾਈ। ਉਸਨੂੰ ਬਗੈਰ ਹੱਥਕੜੀ ਲਾਏ ਹੀ ਬਾਹਰ ਕੱਢਿਆ ਜਿਸ ਤੋਂ ਉਸਨੇ ਸਿੱਧਾ ਹੀ ਇਹ ਅਰਥ ਕੱਢਿਆ ਕਿ ਡੀ. ਐਸ. ਪੀ. ਸਾਹਿਬ ਨੇ ਆਏ ਬੰਦਿਆਂ ਦੀ ਮੰਨ ਕੇ ਉਸਨੂੰ ਛੱਡਣ ਦਾ ਫੈਸਲਾ ਕਰ ਲਿਆ ਸੀ। ਹੁਣ ਉਹ ਛੇਤੀ ਹੀ ਬੇਬੇ ਕੋਲ ਚਲਾ ਜਾਵੇਗਾ ਜੋ ਪਤਾ ਨਹੀਂ ਕਿਵੇਂ ਸਾਰੀ ਰਾਤ ਰਜਾਈ ਵਿਚ ਮੂਰਤੀ ਵਾਂਗ ਬੈਠੀ ਰਹੀ ਹੋਵੇਗੀ ਤੇ ਪਤਾ ਨਹੀਂ ਉਸਨੇ ਸਵੇਰੇ ਹੀ ਇਨ੍ਹਾਂ ਲੋਕਾਂ ਨੂੰ ਇਤਲਾਹ ਦਿੱਤੀ ਸੀ। ਉਸਨੇ ਆਏ ਬੰਦਿਆਂ ਦਾ ਵੀ ਧੰਨਵਾਦ ਕੀਤਾ ਕਿ ਆਖਰ ਬੰਦਾ ਬੰਦੇ ਦਾ ਦਾਰੂ ਤਾਂ ਬਣਿਆ ਸੀ।

"ਚੱਲ ਬਈ ਹੋ ਪੇਸ਼ ਕਾਮਰੇਡਾ !" ਸਿਪਾਹੀ ਨੇ ਕਿਹਾ।

"ਮੈਂ ਕਾਮਰੇਡ ਨਹੀਂ ਦੋਸਤਾ—ਐਵੇਂ ਫਸਾ ਲਿਆ ਗਿਆ।"

"ਐਵੇਂ ਕੌਣ ਫੜਦੈ ਭਰਾਵਾ ?" ਬਲਦੇਵ ਚੁੱਪ ਰਿਹਾ।

ਅਗਲੇ ਹੀ ਪਲ ਉਹ ਡੀ. ਐਸ. ਪੀ. ਸਾਹਿਬ ਦੇ ਸਾਮ੍ਹਣੇ ਖੜਾ ਸੀ। ਸਭ ਕੁਝ ਇੰਨੀ ਤੇਜ਼ੀ ਨਾਲ ਹੋਇਆ ਸੀ ਕਿ ਉਹ ਕਲਪਣਾ ਵੀ ਨਾ ਕਰ ਸਕਿਆ। ਉਸਦੇ ਬੋਦੇ ਤੇ ਦਾੜ੍ਹੀ ਉਵੇਂ ਹੀ ਉਲਝੇ, ਉਖੜੇ ਤੇ ਵਧੇ ਹੋਏ ਸਨ। ਉਸਨੇ ਕੰਬਲ ਮੋਢਿਆਂ ਦੁਆਲੇ ਵਲਿਆ ਹੋਇਆ ਸੀ। ਸਿਰ ਝੁਕਾ ਕੇ ਨਮਸਕਾਰ ਕਰਕੇ ਉਸਨੇ ਅਫ਼ਸਰ ਦੇ ਸਟਾਰਾਂ ਅਤੇ ਫੀਤੀਆਂ ਵੱਲ ਵੇਖਿਆ। ਸ਼ਹਿਰੀਆਂ ਦੇ ਵਫ਼ਦ ਨੂੰ ਬਾਹਰ ਭੇਜ ਦਿੱਤਾ ਗਿਆ ਸੀ।

"ਆ ਬਈ ਕਾਮਰੇਡ !" ਡੀ. ਐਸ. ਪੀ. ਸਾਹਿਬ ਨੇ ਤਨਜ਼ ਨਾਲ ਕਿਹਾ।

"ਮੈਂ ਕਾਮਰੇਡ ਨਹੀਂ ਜਨਾਬ !" ਬਲਦੇਵ ਨੇ ਨਿਧੜਕ ਹੋ ਕੇ ਕਿਹਾ — "ਮੈਂ ਕਈ ਦਿਨਾਂ ਤੋਂ ਬਿਮਾਰ ਹਾਂ — ਮੈਨੂੰ ਬੈਠਣ ਦੀ ਆਗਿਆ ਦਿਉ।" ਉਸਨੇ ਸਤਿਕਾਰ ਨੂੰ ਕਾਇਮ ਰਖਦਿਆਂ ਕਿਹਾ।

ਅਫ਼ਸਰ ਨੇ ਰੋਅਬ ਕਾਇਮ ਰਖਦਿਆਂ ਅਤੇ ਮੁਲਜ਼ਮ 'ਤੇ ਅਹਿਸਾਨਮੰਦੀ ਪਰਗਟ ਕਰਦਿਆਂ ਸਟੂਲ ਵੱਲ ਇਸ਼ਾਰਾ ਕੀਤਾ। ਇਕ ਵਾਰ ਤਾਂ ਸਟੂਲ 'ਤੇ ਬੈਠਦਿਆਂ ਬਲਦੇਵ ਨੂੰ ਹੱਤਕ ਮਹਿਸੂਸ ਹੋਈ। ਅਰਥ ਸ਼ਾਸਤਰ ਦੀ ਐਮ. ਏ. ਕਰਕੇ ਵੱਧ ਤੋਂ ਵੱਧ ਬੀ. ਏ. ਪਾਸ ਅਫ਼ਸਰ ਦੇ ਸਾਮ੍ਹਣੇ ਉਹ ਮੁਲਜ਼ਮ ਸੀ — ਬੇਦੋਸ਼ਾ ਮੁਲਜ਼ਮ। ਉਸਨੇ ਕਾਲਜ ਦਾ ਪ੍ਰੋਫੈਸਰ ਬਣਨਾ ਸੀ ਪਰ ਨੌਕਰੀ ਨਾ ਮਿਲਣ ਕਰਕੇ ਪ੍ਰੈਸ ਰਿਪੋਰਟਰ ਦਾ ਕਿੱਤਾ ਅਪਣਾ ਲਿਆ ਸੀ। ਉਸਦੇ ਦਿਮਾਗ ਵਿਚ ਡੀ. ਐਸ. ਪੀ. ਦੀ ਤੁੱਛ ਜੇਹੀ ਸ਼ਖਸੀਅਤ ਦਾ ਵੀ ਵਿਚਾਰ ਆਇਆ। ਕੀ ਸੀ ਉਹ ? ਪਿਲਪਿਲਾ ਜੇਹਾ ਰੰਗ, ਮੋਟੇ ਮੋਟੇ ਬੁੱਲ੍ਹ ਹੇਠਲੇ ਬੁੱਲ੍ਹ ਉਪਰ ਫੁਲਬਹਿਰੀ ਦਾ ਸਫੈਦ ਦਾਗ਼ ਅਤੇ ਠੋਡੀ ਦੇ ਹੇਠਾਂ ਥੋੜੀ ਜੇਹੀ ਵਿਰਲੀ ਵਿਰਲੀ ਦਾੜ੍ਹੀ — ਪਰ ਰੱਸੇ ਵਰਗੀ ਕਾਲੀ ਡੋਰ ਸਿਰ ਦੇ ਉਪਰ ਦੀ ਬੰਨ੍ਹ ਕੇ ਚੜ੍ਹਾਈ ਹੋਈ। ਬਸ ਕੁਰਸੀ ਵਿਚ ਨਾ ਫਸਣ ਵਾਲੀ ਗੋਗੜ। ਸਾਰਾ ਰੋਅਬ ਦਾਅਬ ਹੀ ਬਣਾਉਟੀ।

"ਕੀ ਕੰਮ ਕਰਦਾ ਹੁੰਨੇ ? ਡੀ. ਐਸ. ਪੀ. ਸਾਹਿਬ ਦੀਆਂ ਅੱਖਾਂ ਵਿਚ ਬਣਾਉਟੀ ਧਮਕੀ ਵਾਲਾ ਰੰਗ ਸੀ।

"ਪ੍ਰੈਸ ਰਿਪੋਰਟਰ ਆਂ।"

"ਬਲਵੰਤ ਕੁਮਾਰ ਤੇਰਾ ਭਾਈ ਹੈ ?"

"ਜੀ।" ਬਲਦੇਵ ਨਿਧੜਕ ਉੱਤਰ ਦਿੰਦਾ ਰਿਹਾ—

"ਛੋਟਾ ਭਾਈ ਐ ?"

"ਅੱਤਵਾਦੀਆਂ ਨਾਲ ਤੇਰੇ ਕਦੋਂ ਤੋਂ ਸਬੰਧ ਜੁੜੇ ?"

"ਮੇਰੇ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਸੀ।"

"ਪ੍ਰੋਫੈਸਰ ਜਗਦੀਪ ਨੂੰ ਤੂੰ ਕਦੋਂ ਤੋਂ ਜਾਣਦੈ ?"

"ਉਹ ਮੇਰਾ ਪ੍ਰੋਫੈਸਰ ਸੀ, ਜਨਾਬ ! ਮੈਂ ਉਸ ਕੋਲ ਬੀ. ਏ. ਤੱਕ ਪੜ੍ਹਦਾ ਰਿਹਾਂ।"

"ਇਸੇ ਕਰਕੇ !" ਡੀ. ਐਸ. ਪੀ. ਸਾਹਿਬ ਨੇ ਰਤਾ ਵਿਅੰਗ ਨਾਲ ਕਿਹਾ—"ਤਾਹੀਂ ਸਾਰੇ ਤੇਰੇ ਬਾਰੇ ਕਹਿੰਦੇ ਨੇ ਕਿ ਬਹੁਤ ਕਾਬਲ ਹੈ।" ਬਲਦੇਵ ਨੂੰ ਅਫਸਰ ਦੇ ਇਨ੍ਹਾਂ ਸ਼ਬਦਾਂ ਵਿਚ ਆਪਣੀ ਹੱਤਕ ਛੁਪੀ ਹੋਈ ਦਿੱਸੀ।

"ਤੂੰ ਉਸਨੂੰ ਪੇਸ਼ ਹੋਣ ਲਈ ਕਿਉਂ ਨਹੀਂ ਕਹਿੰਦਾ।

"ਇਹ ਉਸਦੀ ਜ਼ਿੰਦਗੀ ਦਾ ਮਸਲਾ ਹੈ ਜੀ। ਮੇਰਾ ਇਸ ਵਿਚ ਕੀ ਹੈ ?

"ਅੱਛਾ ਬਲਵੰਤ ਨੂੰ ਪੇਸ਼ ਕਿਉਂ ਨਹੀਂ ਕੀਤਾ ?" ਡੀ. ਐਸ. ਪੀ. ਸਾਹਿਬ ਨੇ ਮੱਥੇ 'ਤੇ ਤਿਊੜੀਆਂ ਕਸ ਕੇ ਕਿਹਾ।

"ਇਹ ਵੀ ਉਸਦਾ ਮਸਲਾ ਹੈ। ਜਨਾਬ ਦੀ ਪੁਲੀਸ ਕਾਫੀ ਸ਼ਕਤੀਸ਼ਾਲੀ ਹੈ

"ਤੇਰਾ ਫਰਜ਼ ਹੈ ਕਿ ਉਸਨੂੰ ਗਲਤ ਰਾਹੋਂ ਰੋਕੇਂ।"

"ਠੀਕ ਜਾਂ ਗਲਤ ਦਾ ਨਿਰਨਾ ਉਸ ਨੇ ਕਰਨੈ ਜਨਾਬ !—ਮੈਂ ਕੀ ਕਹਿ ਸਕਦਾਂ।" ਬਲਦੇਵ ਦ੍ਰਿੜ੍ਹਤਾ ਨਾਲ ਉਤਰ ਦਿੰਦਾ ਗਿਆ—" ਪਰ ਮੈਨੂੰ ਸਮਝ ਨਹੀਂ ਆਉਂਦੀ ਕਿ ਮੈਨੂੰ ਕਿਸ ਅਪਰਾਧ ਬਦਲੇ ਲਿਆਂਦਾ ਗਿਆ ਹੈ। ਪੰਜ ਛੇ ਦਿਨਾਂ ਤੋਂ ਬੁਖਾਰ ਨੇ ਮੇਰੇ ਸਰੀਰ ਵਿਚ ਦਮ ਨਹੀਂ ਛਡਿਆ—ਮੈਨੂੰ ਜਾਣ ਦਿੱਤਾ ਜਾਵੇ ਜੀ।

"ਅੱਛਾ ! ਅੱਜ ਛੱਡ ਦਿਆਂਗੇ—ਬਲਵੰਤ ਨੂੰ ਪੇਸ਼ ਕਰਨ ਦਾ ਜਤਨ ਕਰੋ।" ਬਲਦੇਵ ਚੁੱਪ ਰਿਹਾ।

"ਤੈਨੂੰ ਪਤੈ ਕਿ ਅੰਦੋਲਨ ਨੂੰ ਨਕਸਲੀ ਭੜਕਾ ਰਹੇ ਹਨ—ਤੂੰ ਇਹ ਕਿਉਂ ਨਹੀਂ ਲਿਖਦਾ ਕਿ ਇਸ ਅੰਦੋਲਨ ਪਿਛੇ ਨਕਸਲੀਆਂ ਦਾ ਹੱਥ ਹੈ ?" ਪੁਲਸ ਅਫਸਰ ਨੇ ਸਿੱਧਾ ਉਸਦੀਆਂ ਅੱਖਾਂ 'ਚੋਂ ਕੁਝ ਪੜ੍ਹਨਾ ਚਾਹਿਆ।

"ਮੈਂ ਨਹੀਂ ਸਮਝਦਾ—ਅੰਦੋਲਨ ਨੂੰ ਉਨ੍ਹਾਂ ਦੀ ਹਮਾਇਤ ਹੋ ਸਕਦੀ ਹੈ ਜਿਵੇਂ ਕਿ ਬਾਕੀ ਪਾਰਟੀਆਂ ਕਰ ਰਹੀਆਂ ਨੇ।" ਬਲਦੇਵ ਨੇ ਜਵਾਬ ਦਿਤਾ।

ਡੀ. ਐਸ. ਪੀ. ਸਾਹਿਬ ਬਰਾਬਰ ਉਸਦੀਆਂ ਅੱਖਾਂ 'ਚ ਵੇਖਦੇ ਰਹੇ। ਬਲਦੇਵ ਬਰਾਬਰ ਉਨ੍ਹਾਂ ਦੀਆਂ ਅੱਖਾਂ 'ਚ ਵੇਖਦਾ ਰਿਹਾ।

ਸ਼ਹਿਰੀਆਂ ਦੇ ਵਫਦ ਨੂੰ ਵਿਸ਼ਵਾਸ਼ ਦੇ ਕੇ ਮੋੜ ਦਿੱਤਾ ਤੇ ਬਲਦੇਵ ਨੂੰ ਹਵਾਲਾਤ ਵਿਚ ਭੇਜ ਦਿਤਾ ਗਿਆ।

ਜਦ ਉਸਨੂੰ ਦੁਬਾਰਾ ਪੁਲਸ ਅਫਸਰ ਦੇ ਸਾਮ੍ਹਣੇ ਪੇਸ਼ ਕੀਤਾ ਗਿਆ ਤਾਂ ਉਸਨੂੰ ਉਸਦੀਆਂ ਅੱਖਾਂ ਵਿਚ ਹਮਦਰਦੀ ਦੀ ਰੌਅ ਤੈਰਦੀ ਜਾਪੀ ਤੇ ਉਸਨੂੰ ਯਕੀਨ ਹੋ ਗਿਆ ਕਿ ਉਸ ਨੂੰ ਹੁਣੇ ਹੀ ਛੱਡ ਦਿੱਤਾ ਜਾਵੇਗਾ। ਸਾਹਿਬ ਨੇ ਬਹੁਤ ਹੀ ਸਲੀਕੇ ਅਤੇ ਅਹਿਸਤਾ ਕਰਕੇ ਇਕ ਕੋਰੇ ਕਾਗਜ਼ ਦਾ ਟੁਕੜਾ ਉਸ ਵੱਲ ਸਰਕਾਇਆ—"ਇਸ 'ਤੇ ਦਸਖਤ ਕਰ ਦਿਉ।"

ਬਲਦੇਵ ਨੇ ਖੜ੍ਹਵੇਂ ਲੋਟ ਲਕੀਰ ਮਾਰਕੇ ਹੇਠਾਂ ਆਪਣੇ ਪੂਰੇ ਦਸਖ਼ਤ ਕਰ ਦਿੱਤੇ।

"ਬਹੁਤ ਗੁਸਤਾਖ ਹੈਂ।" ਅਫ਼ਸਰ ਨੇ ਖਿਝ ਕੇ ਕਿਹਾ।

"ਇਸ ਵਿਚ ਤਾਂ ਕੋਈ ਗੁਸਤਾਖੀ ਨਹੀਂ ਜਨਾਬ।" ਬਲਦੇਵ ਨੇ ਆਪਣੀ ਬਾਕੀ ਦੀ ਸ਼ਕਤੀ ਵੀ ਇਕੱਠੀ ਕਰਨ ਦਾ ਜਤਨ ਕੀਤਾ।

"ਇਸਨੂੰ ਛੱਡ ਦਿਓ ਕੀ ਐ ਵਿਚਾਰੇ ਗਰੀਬ ਲੋਕ ਵਿਚ।" ਡੀ. ਐਸ. ਪੀ. ਸਾਹਿਬ ਝਟਕੇ ਜੇਹੇ ਨਾਲ ਖੜੇ ਹੋਏ ਤੇ ਰੂਲ ਦੇ ਇਸ਼ਾਰੇ ਨਾਲ ਥਾਣੇਦਾਰ ਨੂੰ ਕੁਝ ਸਮਝਾਉਂਦੇ ਹੋਏ ਜੀਪ ਵਿਚ ਜਾ ਬੈਠੇ। ਜੀਪ ਸਟਾਰਟ ਹੋਈ ਤਾਂ ਸੰਤਰੀ ਨੇ ਸਲੂਟ ਦਿੰਦਿਆਂ ਸ਼ਹੀਦ ਦੇ ਬੁੱਤ ਵਰਗਾ ਰੂਪ ਧਾਰਿਆ ਤੇ ਮੁੜ ਪਹਿਲੀ ਅਵਸਥਾ ਵਿਚ ਆ ਗਿਆ।

ਬਲਦੇਵ ਨੂੰ ਫੇਰ ਹਵਾਲਾਤ ਵਿਚ ਬੰਦ ਕਰ ਦਿਤਾ ਗਿਆ। ਇਹ ਸਮਝਣ ਵਿਚ ਉਸਨੂੰ ਕੋਈ ਦੇਰ ਨਾ ਲੱਗੀ ਕਿ ਅਸਲ ਵਿਚ ਅਫਸਰ ਉਸ ਉਤੇ ਕੋਈ ਕੇਸ ਪਾਉਣ ਬਾਰੇ ਕਹਿ ਗਿਆ ਸੀ।

ਡੀ. ਐਸ. ਪੀ. ਦੇ ਦੋਗਲੇਪਣ ਤੇ ਉਸ ਨੂੰ ਗਿਲਾਨੀ ਭਰੀ ਹਾਸੀ ਆਈ ਅਤੇ ਉਸਨੇ ਆਪਣੇ ਆਪ ਨੂੰ ਹੋਣ ਵਾਲੇ ਸਭ ਕਾਸੇ ਲਈ ਤਿਆਰ ਕੀਤਾ। ਉਸਨੇ ਪੱਕੀ ਤਰ੍ਹਾਂ ਸਮਝ ਲਿਆ ਸੀ ਕਿ ਇਸ ਤੋਂ ਅੱਗੇ ਬੱਸ ਜੇਲ੍ਹ ਹੀ ਸੀ।

ਸਭ ਕੁਝ ਸਮਝ ਆ ਜਾਣ ਦੇ ਬਾਵਜੂਦ ਵੀ ਆਸ ਦੀ ਇਕ ਕਿਰਨ ਬਾਕੀ ਸੀ ਕਿ ਸ਼ਾਇਦ ਉਸਨੂੰ ਛੱਡ ਹੀ ਦਿੱਤਾ ਜਾਵੇ। ਉਸਦਾ ਦੋਸ਼ ਵੀ ਤਾਂ ਕੀ ਸੀ ? ਉਸਦੇ ਦਿਮਾਗ ਵਿਚ ਬੁੱਢੀ ਮਾਂ ਦਾ ਚਿਹਰਾ ਘੁੰਮ ਗਿਆ ਤੇ ਫਿਰ ਬਲਵੰਤ ਜਿਸ ਨੂੰ ਉਹ ਹਰ ਹੀਲੇ ਪੜ੍ਹਾ ਰਿਹਾ ਸੀ। ਇਸ ਦੇ ਨਾਲ ਹੀ ਉਸਦੀਆਂ ਸਾਰੀਆਂ ਸਰਗਰਮੀਆਂ ਜਿਨ੍ਹਾਂ ਬਾਰੇ ਉਸ ਨੇ ਇਕ ਵਾਰ ਵੀ ਬਲਵੰਤ ਦਾ ਨੁਕਸ ਨਹੀਂ ਸੀ ਕੱਢਿਆ।

ਪੰਦਰਾਂ ਵੀਹ ਮਿੰਟਾਂ ਬਾਅਦ ਉਸਨੂੰ ਫੇਰ ਬਾਹਰ ਕੱਢ ਲਿਆ ਗਿਆ। ਅਹਾਤੇ ਵਿਚ ਹੋਰ ਵੀ ਕਈ ਸਿਪਾਹੀ ਵਰਦੀ ਪਾਈ ਇਧਰ ਉਧਰ ਭੱਜ ਨੱਠ ਕਰਦੇ ਫਿਰਦੇ ਸਨ। ਉਸ ਸਮੇਂ ਠਾਣੇਦਾਰ ਬਾਹਰ ਆਇਆ। ਪੂਰੇ ਰੋਅਬ ਨਾਲ ਰੂਲ ਘੁਮਾਉਂਦਿਆਂ ਉਸਨੇ ਹਵਾਲਾਤ ਬੰਦ ਹੀ ਰਖਣ ਦਾ ਹੁਕਮ ਦਿਤਾ। ਦਸ ਕੁ ਮਿੰਟਾਂ ਤੱਕ ਬੰਦ ਰਖਣ ਮਗਰੋਂ ਫੇਰ ਉਸਨੂੰ ਬਾਹਰ ਲਿਆਂਦਾ ਗਿਆ।

ਉਸ ਨੂੰ ਸਪਸ਼ਟ ਹੋ ਗਿਆ ਸੀ ਕਿ ਇਹ ਸਭ ਕੁਝ ਉਸਨੂੰ ਜਾਣ ਬੁੱਝ ਕੇ ਜ਼ਲੀਲ ਕਰਨ ਲਈ ਕੀਤਾ ਜਾ ਰਿਹਾ ਹੈ।

ਉਹ ਬਗੈਰ ਇਜਾਜ਼ਤ ਲਏ ਹੀ ਪਹਿਲਾਂ ਵਾਲੇ ਸਟੂਲ 'ਤੇ ਬੈਠ ਗਿਆ। ਇਹ ਹਾਲਤ ਬਹੁਤੀ ਦੇਰ ਨਾ ਰਹੀ। ਥਾਣੇ ਦੇ ਮੁਨਸ਼ੀ ਨੇ ਇਕ ਫਾਈਲ ਮੇਜ਼ ਤੇ ਰੱਖੀ ਹੋਈ ਸੀ। ਇਕ ਹੋਰ ਮੁਰਦੜੂ ਜੇਹੇ ਤੇ ਮੈਲੇ ਕਪੜਿਆਂ ਵਾਲੇ ਵਿਅਕਤੀ ਨੂੰ ਦੂਜੀ ਹਵਾਲਾਤ 'ਚੋਂ ਕੱਢਿਆ ਗਿਆ। ਇਕ ਸਿਪਾਹੀ ਨੇ ਡੱਚਾ ਡੱਚ ਦੁਹਾਂ ਨੂੰ ਇਕੋ ਹੱਥਕੜੀ ਜੜ ਦਿੱਤੀ ਅਤੇ ਸੰਗਲੀ ਦਾ ਕੁੰਡਾ ਆਪਣੀ ਪੇਟੀ ਵਿਚ ਪਾ ਲਿਆ। ਜ਼ਿੰਦਗੀ ਵਿਚ ਪਹਿਲੀ ਵਾਰ ਹਥਕੜੀ ਲੱਗੀ ਹੋਣ ਕਰਕੇ ਚੁਭਵੀਂ ਤੇ ਓਪਰੀ ਲਗਦੀ ਸੀ ਪਰ ਲਗਦਾ ਸੀ ਕਿ ਦੂਜਾ ਵਿਅਕਤੀ ਇਸ ਦਾ ਆਦੀ ਸੀ। ਉਸ ਆਦਮੀ ਨਾਲ ਇਕੋ ਹਥਕੜੀ ਵਿਚ ਹੋਣ ਕਰਕੇ ਉਸਨੂੰ ਕੁਝ ਸ਼ਰਮ ਜੇਹੀ ਵੀ ਆਈ ਤੇ ਇਸ ਵਿਚਾਰ ਨੇ ਤਾਂ ਉਸ ਨੂੰ ਨਪੀੜ ਹੀ ਸੁੱਟਿਆ ਕਿ ਵਾਕਫਕਾਰਾਂ 'ਚੋਂ ਲੰਘਣਾ, ਉਸਨੂੰ ਮੁਸ਼ਕਲ ਜਾਪੇਗਾ।

ਇਕ ਰਾਈਫਲ ਵਾਲਾ ਸਿਪਾਹੀ ਉਨ੍ਹਾਂ ਦੇ ਨਾਲ ਤੁਰਨ ਲੱਗਾ ਤਾਂ ਇਕ ਵਾਰ ਉਸਦਾ ਦਿਲ ਧੱਕ ਧੱਕ ਵੱਜਣ ਲੱਗਾ। ਹਥਕੜੀ ਤੰਗ ਸੀ। ਦੂਜੇ ਹੱਥ ਨਾਲ ਠੀਕ ਕਰਨ ਦਾ ਬੇਅਰਥ ਜਤਨ ਕਰਦਿਆਂ ਉਸਨੇ ਗੁੱਟ ਨੂੰ ਘੁਮਾਇਆ ਪਰ ਸੰਗਲੀ ਦਾ ਇਕ ਗੇੜਾ ਵਿਚ ਦੀ ਲੰਘਾਇਆ ਹੋਣ ਕਰਕੇ ਉਸਨੇ ਹੋਰ ਵੀ ਪੀੜ ਅਨੁਭਵ ਕੀਤੀ।

"ਕੋਈ ਗੱਲ ਨਹੀਂ ਕਾਮਰੇਡਾ।" ਰਾਈਫਲ ਵਾਲੇ ਸਿਪਾਹੀ ਨੇ ਗੇਟੋਂ ਬਾਹਰ ਹੁੰਦਿਆਂ ਹਮਦਰਦੀ ਦਾ ਪਰਗਟਾਵਾ ਕੀਤਾ—"ਸੱਤ ਇਕਵੰਜਾ ਦਾ ਕੀ ਐ ਜ਼ਮਾਨਤ ਕਰਵਾ ਲਈ।"

ਉਸਨੂੰ ਮਹਿਸੂਸ ਹੋਇਆ ਜਿਵੇਂ ਉਸਦੇ ਕਾਲਜੇ ਵਿਚ ਛੁਰੀ ਖੋਭ ਦਿੱਤੀ ਹੋਵੇ।

ਸਮਾਜ ਵਿਰੋਧੀ ਅਨਸਰਾਂ ਨੂੰ ਕੁਚਲਣ ਅਤੇ ਅਮਨ ਕਾਨੂੰਨ ਬਹਾਲ ਰੱਖਣ ਲਈ ਸਰਕਾਰ ਤਾਬੜ ਤੋੜ ਜਤਨ ਕਰ ਰਹੀ ਸੀ।

o

ਹਿੰਦੀ ਕਹਾਣੀ :

# ਨੀਂਹ ਪੱਥਰ

—ਮਨੀਸ਼ ਰਾਏ

ਅਨੁਵਾਦ : ਹਰਪਾਲਜੀਤ ਪਾਲੀ

ਜੇਹਲ ਦੀ ਇਸ ਕਾਲ ਕੋਠੜੀ ਦੇ ਬਾਹਰ ਨਿਸਚੇ ਹੀ ਸ਼ਾਮ ਘਿਰ ਆਈ ਹੋਵੇਗੀ। ਪੱਛਮੀ 'ਚ ਦੁਮੇਲ ਤੇ ਸੋਨਾ ਖਿਲਰ ਗਿਆ ਹੋਵੇਗਾ, ਤਦੇ ਤਾਂ ਸੋਮਾ ਮੁੜ ਆਈ ਹੈ, 'ਚੀਂ-ਚੀਂ' ਕਰਦੀ। ਉਹਦੀ ਚੀਂ-ਚੀਂ ਸੁਣਨ ਲਈ ਮੈਂ ਦਿਨ ਭਰ ਤਰਸ ਜਾਂਦਾ ਹਾਂ। ਦਿਨ ਭਰ ਉਸਦੀ ਉਂਜ ਹੀ ਉਡੀਕ ਕਰਦਾ ਹਾਂ, ਜਿਵੇਂ ਕੋਈ ਦੁੱਧ ਪੀਂਦਾ ਬੱਚਾ ਆਪਣੀ ਮਾਂ ਦੀ ਕਰਦਾ ਹੈ। ਜਦੋਂ ਤੋਂ ਮੇਰੀ ਮੌਤ ਦੀ ਸਜਾ ਦੀ ਪੁਸ਼ਟੀ ਹੋਈ ਹੈ, ਅਤੇ ਮੈਂ ਏਸ ਕਾਲ ਕੋਠੜੀ ਵਿਚ ਆਇਆ ਹਾਂ, ਉਦੋਂ ਤੋਂ ਸੋਮਾ ਹੀ ਮੇਰੀ ਮਾਂ, ਪਿਤਾ, ਦੋਸਤ, ਸਖੀ ਸਹੇਲੀ ਸਭ ਕੁਝ ਹੈ। ਸਾਲ ਭਰ ਤੋਂ ਉਪਰ ਹੋ ਗਿਆ ਹੈ, ਸਾਨੂੰ ਇਕੱਠੇ ਰਹਿੰਦਿਆਂ। ਏਨੇ ਸਮੇਂ 'ਚ ਮੇਰੇ ਨਾਲ ਇਹ ਕਿੰਨੀ ਘੁਲ ਮਿਲ ਗਈ ਹੈ। ਸ਼ਾਮ ਹੁੰਦਿਆਂ ਹੀ ਇਸ ਕਾਲ ਕੋਠੜੀ ਵੱਲ ਇੰਜ ਭੱਜ ਕੇ ਆਉਂਦੀ ਹੈ, ਜਿਵੇਂ ਇਸਦਾ ਬੱਚਾ ਏਹਦੀ ਉਡੀਕ 'ਚ ਹੋਵੇ। ਆਉਂਦਿਆਂ ਹੀ ਆਪਣੀ ਮਧੁਰ ਚੀਂ ਚੀਂ ਨਾਲ ਸੁੰਨਸਾਨ ਕਮਰੇ 'ਚ ਰਸ ਘੋਲ ਦਿੰਦੀ ਹੈ। ਕਦੇ ਮੇਰੇ ਸਿਰ ਤੇ ਬਹਿੰਦੀ ਹੈ, ਕਦੇ ਮੋਢਿਆਂ ਤੇ। ਇਕੱਲਾਪਨ ਕਿਹੋ-ਜਿਹੇ ਰਿਸ਼ਤੇ ਲੱਭ ਲੈਂਦਾ ਹੈ। ਏਹ ਚਿੜੀ, ਕਦੋਂ ਪੰਛੀ ਤੋਂ ਮੇਰੀ ਸੋਮਾਂ ਬਣੀ, ਪਤਾ ਹੀ ਨਹੀਂ ਲੱਗਾ। ਮੈਂ ਸਾਲ ਭਰ ਤੋਂ ਕਾਲ ਕੋਠੜੀ ਦੇ ਬਾਹਰ ਦੀ ਦੁਨੀਆਂ ਏਸ ਦੇ ਮਾਧਿਅਮ ਨਾਲ ਦੇਖਦਾ ਹਾਂ, ਨਹੀਂ ਤਾਂ ਕਦੋਂ ਸ਼ਾਮ ਹੁੰਦੀ ਹੈ, ਕਦੋਂ ਸੂਰਜ ਨਿਕਲਦਾ ਹੈ, ਕੁਝ ਪਤਾ ਹੀ ਨਹੀਂ ਲਗਦਾ। ਲੱਗੇ ਵੀ ਕਿਵੇਂ। ਕਿਥੇ ਜੇਹਲ ਦੀਆਂ ਉੱਚੀਆਂ ਕੰਧਾਂ, ਏਹ ਕਾਲ ਕੋਠੜੀ ਅਤੇ ਸੂਰਜ ਦੀਆਂ ਮਾਸੂਮ ਕਿਰਨਾਂ।

ਅੱਜ ਵੀ ਸੋਮਾ ਆ ਗਈ। ਏਹਦਾ ਅਰਥ ਹੈ, ਸ਼ਾਮ ਹੋ ਗਈ ਹੈ। ਏਹ ਸ਼ਾਮ ਮੇਰੇ ਜੀਵਨ ਦੀ ਆਖਰੀ ਸ਼ਾਮ ਹੈ। ਕੱਲ੍ਹ ਮੈਂ ਇਸ ਕਾਲ ਕੋਠੜੀ 'ਚੋਂ ਮੁਕਤ ਹੋ ਜਾਵਾਂਗਾ। ਕੱਲ੍ਹ ਸਵੇਰੇ ਮੈਨੂੰ ਫਾਂਸੀ ਦੇ ਫੰਦੇ ਤੇ ਲਟਕਾ ਦਿਤਾ ਜਾਵੇਗਾ। ਮੇਰੇ ਕੋਲ ਜ਼ਿੰਦਗੀ ਦੇ ਸਿਰਫ ਦਸ ਬਾਰ੍ਹਾਂ ਘੰਟੇ ਬਾਕੀ ਹਨ, ਪਰ ਮੈਂ ਬਿਲਕੁਲ ਉਦਾਸ ਨਹੀਂ ਹਾਂ। ਮੈਨੂੰ ਆਪਣੇ ਕੀਤੇ ਤੇ ਭੋਰਾ ਵੀ ਗ਼ਮ ਨਹੀਂ। ਮੈਂ ਜੋ ਕੁਝ ਕੀਤਾ ਹੈ, ਸੋਚ ਸਮਝ ਕੇ ਕੀਤਾ ਹੈ। ਸਵੇਰੇ ਜੇਲਰ ਆਏ ਸੀ, ਨਾਲ ਹੀ ਸਜ਼ਾ ਅਧਿਕਾਰੀ ਵੀ ਸਨ। ਮੈਨੂੰ ਮੇਰੀ ਮੌਤ ਦੀ ਸੂਚਨਾ ਦਿੰਦਿਆਂ ਮਜਿਸਟਰੇਟ ਦੀਆਂ ਅੱਖਾਂ ਵਿਚ ਅੱਥਰੂ ਛਲਕ ਆਏ, "ਤੇਰੀ ਆਖਰੀ ਖਾਹਿਸ਼ ਕੀ ਹੈ ਸੋਮੂੰ ?" ਕਹਿੰਦਿਆਂ ਉਨ੍ਹਾਂ ਦਾ ਗਲਾ ਭਰ ਆਇਆ।

"ਤੁਸੀਂ ਕਿਉਂ ਉਦਾਸ ਹੁੰਦੇ ਹੋ ਜੱਜ ਸਾਹਬ, ਫਾਂਸੀ ਮੈਨੂੰ ਹੋਣ ਵਾਲੀ ਹੈ ਅਤੇ ਰੋ ਤੁਸੀਂ ਰਹੇ ਹੋ।"

"ਕਾਸ਼ ! ਮੈਂ ਤੇਰੇ ਲਈ ਕੁਝ ਕਰ ਸਕਦਾ ਸੋਮੂੰ..."

"ਮੈਨੂੰ ਕਾਗਜ਼-ਕਲਮ ਚਾਹੀਦੇ ਸਾਹਬ !" ਮੈਂ ਭਰੇ ਗਲੇ ਨਾਲ ਸਿਰਫ ਏਨਾ ਕਹਿ ਸਕਿਆ ਸੀ। ਮੈਨੂੰ ਕਾਗਜ਼

ਕਲਮ ਪਹੁੰਚਾ ਕੇ, ਉਹ ਉਦਾਸ ਕਦਮਾਂ ਨਾਲ ਚਲੇ ਗਏ ਅਤੇ ਫਿਰ ਮੈਂ ਇਕੱਲਾ ਰਹਿ ਗਿਆ।

*

ਕਿਥੋਂ ਸ਼ੁਰੂ ਕਰਾਂ ਆਪਣੀ ਕਹਾਣੀ, ਸਮਝ ਨਹੀਂ ਆ ਰਹੀ ਸੀ। ਨਾ ਮੈਂ ਲੇਖਕ ਹਾਂ, ਨਾ ਕਵੀ। ਬੱਸ, ਇਕ ਸਾਧਾਰਨ, ਘੱਟ ਪੜ੍ਹਿਆ ਲਿਖਿਆ ਸੰਵੇਦਨਸ਼ੀਲ ਇਨ-ਸਾਨ ਹਾਂ। ਆਪਣਾ ਦਰਦ ਕੇਹੜਿਆਂ ਸ਼ਬਦਾਂ 'ਚ ਪ੍ਰਗਟ ਕਰਾਂ। ਕਿਵੇਂ ਪ੍ਰਗਟ ਕਰਾਂ, ਜੋ ਕੁਝ ਮੇਰੇ ਅੰਦਰ ਘੁੰਮ ਰਿਹਾ ਹੈ ਸਾਲਾਂ ਤੋਂ। ਉਸਨੂੰ ਤੁਹਾਡੇ ਸਾਹਮਣੇ ਟੁੱਟੇ-ਫੁੱਟੇ ਸ਼ਬਦਾਂ ਵਿਚ ਰੱਖ ਰਿਹਾ ਹਾਂ। ਯਕੀਨ ਕਰੋ, ਮੇਰੀ ਵਿਥਿਆ ਲਈ ਸ਼ਬਦ ਘੱਟ ਲੱਗਣਗੇ, ਇਸ ਲਈ ਮੇਰਾ ਨਿਵੇਦਨ ਹੈ, ਘੱਟ ਲਿਖੇ ਨੂੰ, ਵਧੇਰੇ ਅਤੇ ਸਿਆਹੀ ਨਾਲ ਲਿਖੇ ਨੂੰ, ਮੇਰੇ ਲਹੂ ਨਾਲ ਲਿਖਿਆ ਸਮਝਿਓ।

ਹਾਂ, ਤਾਂ ਮੇਰਾ ਨਾਂ...ਛੱਡੋ, ਨਾਂ-ਨੂੰ ਦੇ ਚੱਕਰ। ਕੀ ਧਰਿਐ ਨਾਂ 'ਚ। ਮੈਨੂੰ ਲਗਦਾ ਹੈ, ਬਹੁਤ ਸਾਰੇ ਫਸਾਦਾਂ ਦੀ ਤਾਂ ਇਹੀ ਜੜ੍ਹ ਹੈ। ਲੋਕੀਂ ਵੀ ਤਾਂ ਬਦਲ ਗਏ ਹਨ। ਉਨ੍ਹਾਂ ਦੇ ਮਾਪ ਦੰਡ ਵੀ ਬਦਲ ਗਏ ਹਨ। ਅੱਜ ਪਹਿਲਾਂ ਨਾਂ ਆਉਂਦਾ ਹੈ, ਫਿਰ ਸਿਧਾਂਤ। ਅਤੀਤ ਬਾਰੇ ਤਾਂ ਸੋਚੋ, ਵੱਡੇ ਤੋਂ ਵੱਡੇ ਕੰਮ ਕਰ ਗਏ, ਸਮਾਜ ਦੀ ਦਿਸ਼ਾ ਬਦਲ ਗਏ, ਪਰ ਅਜ ਤਾਈਂ, ਨੀਂਹ ਦੇ ਪੱਥਰ ਵਾਂਗੂ ਅਣਜਾਣ ਹਨ। ਕਿਸ ਨੇ ਲਿਖੇ ਸਨ ਵੇਦ, ਕਿਸਨੇ ਲਿਖੇ ਉਪਨਿਸ਼ਦ। ਕਿਸਨੇ ਸਮਾਜ ਨੂੰ ਧਰਮ ਦੇ ਆਧਾਰ ਤੇ ਤੁੜਿਆ। ਏਨਾ ਵੱਡਾ ਕੰਮ ਹੋ ਗਿਆ ਅਤੇ ਕਿਤੇ ਵੀ ਨਾਂ ਦੀ ਝਲਕ ਨਹੀਂ। ਅਤੇ ਅੱਜ ਚਾਰੇ ਪਾਸੀਂ ਨਾਂ ਦੀ ਚਰਚਾ ਹੈ। ਕੰਮ ਅਤੇ ਸਿਧਾਂਤ ਤਾਂ ਠੱਪੇ ਹੀ ਰਹਿ ਗਏ ਹਨ। ਹੈਂ, ਗੱਲਾਂ ਗੱਲਾਂ 'ਚ ਮੈਂ ਕਿੱਥੇ ਬਹਿਕੀ ਜਾ ਰਿਹਾ ਹਾਂ। ਅਨੁਭਵਹੀਣ ਮੰਨ ਕੇ ਮੈਨੂੰ ਮਾਫ਼ੀ ਦੇ ਦਿਉ। ਸੱਚ ਕਹਿੰਦਾ ਹਾਂ। ਪਹਿਲੀ ਵੇਰ, ਪਹਿਲੀ ਵੇਰ ਆਪਣੇ ਦਿਲ ਦੀ ਗੱਲ ਕਾਗਜ਼ ਤੇ ਉਤਾਰਨ ਦਾ ਮੌਕਾ ਮਿਲਿਆ ਹੈ, ਏਸ ਲਈ ਬਹਿਕਣਾ ਸੁਭਾਵਿਕ ਹੈ।

*

ਆਪਣੀ ਕਹਾਣੀ ਉਥੋਂ ਹੀ ਸ਼ੁਰੂ ਕਰਾਂ, ਜਿਥੋਂ ਮੈਨੂੰ ਧੁੰਧਲੀ ਯਾਦ ਹੈ। ਮੈਂ ਸੱਤਾਂ ਕੁ ਸਾਲਾਂ ਦਾ ਹੋਵਾਂਗਾ, ਜਦੋਂ ਪਿੰਡੋਂ ਪਹਿਲੀ ਵੇਰ ਜਗਦਲਪੁਰ ਆਇਆ ਸੀ। ਆਇਆ ਕੀ ਸੀ, ਜਬਰਦਸਤੀ ਲਿਆਂਦਾ ਗਿਆ ਸੀ, ਨਹੀਂ ਤਾਂ ਮੇਰਾ ਵੱਸ ਚਲਦਾ ਤਾਂ ਮੈਂ ਪਿੰਡੋਂ ਆਉਂਦਾ ਹੀ ਨਾ। ਮਾਂ ਵੀ ਨਹੀਂ ਸੀ ਆਉਣਾ ਚਾਹੁੰਦੀ। ਸੱਚੀ ਗੱਲ ਤਾਂ ਏਹ ਹੈ ਕਿ ਪਿੰਡ ਦੇ ਪੰਚਾਂ ਅਤੇ ਮੋਢੀ ਲੋਕਾਂ ਨੇ ਮਾਂ ਨੂੰ ਅਤੇ ਮੈਨੂੰ ਪਿੰਡੋਂ ਬਾਹਰ ਕੱਢ ਦਿਤਾ ਸੀ। ਮਾਂ ਤੇ ਇਲਜਾਮ ਸੀ ਬਦਚਲਣ ਦਾ ਅਤੇ ਮੇਰੇ ਤੇ ਹਰਾਮੀ ਔਲਾਦ ਦਾ। ਉਦੋਂ ਮੈਂ ਨਾ 'ਬਦਚਲਣ' ਦੇ ਅਰਥ ਜਾਣਦਾ ਸੀ ਤੇ ਨਾ ਹੀ 'ਹਰਾਮੀ' ਦੇ। ਬੱਸ, ਏਨਾ ਜਾਣਦਾ ਸੀ ਕਿ ਮਾਂ ਮਾਂਗ 'ਚ ਗੂਹੜੇ ਲਾਲ ਰੰਗ ਦਾ ਸੰਧੂਰ ਲਾਉਂਦੀ ਹੈ, ਹੱਥਾਂ 'ਚ ਦਰਜਨਾਂ ਹਰੀਆਂ ਚੂੜੀਆਂ ਪਹਿਨਦੀ ਹੈ। ਜਦੋਂ ਕਿ ਮੇਰੇ ਪਿਤਾ ਦਾ ਕਿਤੇ ਨਾਂ-ਨਿਸ਼ਾਨ ਤਕ ਵੀ ਨਹੀਂ ਹੈ।

ਪਿੰਡੋਂ ਨਿਕਲਣ ਵੇਲੇ ਮਾਂ ਫੁਟ-ਫੁਟ ਕੇ ਰੋਈ ਸੀ। ਮੈਂ ਵੀ ਰੋਇਆ ਸੀ ਅਤੇ ਸਾਥੋਂ ਸਾਡੀ ਝੌਂਪੜੀ, ਸਾਡਾ ਸਲਫ਼ੀ ਦਾ ਦਰਖਤ, ਮੇਰੇ ਨੰਗ ਧੜੰਗ ਦੋਸਤ, ਥਾਣਾ-ਗੁੜੀ ਅਤੇ ਧੁੰਦਲ ਸਾਰਾ ਕੁਝ ਛੁੱਟ ਗਿਆ। ਮੈਂ ਮੀਲਾਂ ਦੂਰ ਆਉਣ ਤੇ ਵੀ ਮੁੜ ਕੇ ਆਪਣੇ ਘਰ ਅਤੇ ਵੇਹੜੇ ਵੱਲ ਡਬਡਬਾਈਆਂ ਨਜ਼ਰਾਂ ਨਾਲ ਦੇਖਦਾ ਰਿਹਾ ਸੀ। ਸਾਡਾ ਪਿੰਡ ਕੌਂਡਾ ਤੋਂ ਤਿੰਨ ਮੀਲ ਦੂਰ ਜੰਗਲ ਵਿਚ-ਕਾਰ ਹਰੀਆਂ ਹਰੀਆਂ ਵਾਦੀਆਂ ਵਿਚ ਸੀ। ਆਲੇ ਦੁਆਲੇ ਸਾਲ੍ਹ ਦੇ ਮਹੂਏ ਦੇ ਗਗਨ ਚੁੰਭੀ ਦਰਖਤ ਸਨ। ਇਕ ਨਦੀ ਸੀ ਨਾਰੰਗੀ, ਜੀਹਦੇ ਅਸੀਂ ਪਾਣੀ ਪੀਂਦੇ ਸਾਂ, ਤੇ ਉਸੇ 'ਚ ਨਹਾਉਂਦੇ ਸਾਂ। ਤਹਿਸੀਲ ਤੋਂ ਤਿੰਨ ਮੀਲ ਦੂਰ ਹੋਣ ਤੇ ਵੀ ਨਾ ਉਥੇ ਸੜਕ ਸੀ, ਨਾ ਸਕੂਲ। ਸਰਕਾਰੀ ਖੂਹ ਵਜੋਂ ਇਕ ਟੋਆ ਹੀ ਸੀ, ਜੀਹਦੇ ਪਾਣੀ 'ਚ ਕੀੜੇ ਕੁਰਬਲ ਕੁਰਬਲ ਕਰਦੇ ਸਨ। ਉਸ ਟੋਏ ਦਾ ਪਾਣੀ ਜੇਕਰ ਕੋਈ ਭੁੱਲ ਕੇ ਪੀ ਲੈਂਦਾ ਤਾਂ ਉਹ ਬਿਮਾਰ ਹੋ ਜਾਂਦਾ। ਇਸ ਸਭ ਕਾਸੇ ਦੇ ਬਾਵਜੂਦ ਮੈਨੂੰ ਆਪਣਾ ਪਿੰਡ ਬਹੁਤ ਪਿਆਰਾ ਲਗਦਾ ਸੀ। ਅੱਜ ਮੇਰੀਆਂ ਅੱਖਾਂ 'ਚ ਪੂਰਾ ਪਿੰਡ ਉਭਰ ਆਇਆ ਹੈ। ਉਹਦੇ ਗਲੀ, ਚੁਰਾਹੇ, ਥਾਣਾਗੁੜੀ, ਅਤੇ ਧੁੰਦਲ ਸਾਕਾਰ ਹੋ ਉਠੇ ਸਨ।

ਅਸੀਂ ਪਿੰਡੋਂ ਕਿਵੇਂ ਬੇਇਜ਼ਤ ਹੋਕੇ ਨਿਕਲੇ ਸਾਂ, ਮੈਨੂੰ ਕਾਫ਼ੀ ਸਾਲਾਂ ਮਗਰੋਂ ਪਤਾ ਲੱਗਾ, ਜਦੋਂ ਮੈਨੂੰ ਏਹ ਸਮਝ ਆਈ ਕਿ ਹਰਾਮੀ ਔਲਾਦ ਕੀ ਹੁੰਦੀ ਹੈ। ਕੌਂਡਾ ਪਿੰਡੋਂ, ਜਗਦਲਪੁਰ ਅਸੀਂ ਟਰੱਕ ਤੇ ਆਏ ਸੀ। ਮਾਂ ਦੀਆਂ ਲੱਖ ਕੋਸਿਸ਼ ਦੇ ਬਾਵਜੂਦ ਬੱਸ ਦੇ ਕਿਰਾਏ ਲਈ ਪੈਸੇ ਨਹੀਂ ਸੀ ਇਕੱਠੇ ਹੋ ਸਕੇ, ਅਤੇ ਬੱਸ 'ਚ ਬਹਿਣ ਦਾ ਮੇਰਾ ਸੁਪਨਾ ਚੂਰ-ਚੂਰ ਹੋ ਗਿਆ ਸੀ। ਜਿਸ ਟਰੱਕ 'ਚ ਅਸੀਂ ਆਏ, ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਮਾਂ ਨੇ ਡਰਾਈ-ਵਰ ਨੂੰ ਦੋ ਰੁਪਈਏ ਦਿਤੇ ਸਨ। ਬੜੀਆਂ ਮਿੰਨਤਾਂ ਮਗਰੋਂ ਡਰਾਈਵਰ ਸਾਨੂੰ ਜਗਦਲਪੁਰ ਤਾਈਂ ਲਿਆਉਣ ਲਈ ਮੰਨਿਆ ਸੀ। ਜਗਦਲਪੁਰ ਵਿਚ ਬੜੀ ਮੁਸ਼ਕਿਲ ਨਾਲ ਹਰੀਜਨ ਮੁਹੱਲੇ ਵਿਚ ਸਾਨੂੰ ਖੋਲੀ ਮਿਲੀ ਸੀ। ਕਾਫੀ ਦਿਨ ਮਾਂ ਨੂੰ ਕੰਮ ਲੱਭਣ 'ਚ ਲੱਗੇ ਸਨ। ਦੋ ਦਿਨ ਅਸੀਂ ਪਿੰਡੋਂ ਲਿਆਂਦੀ ਤੂੰਬੜੀ (ਭੇਂਅ) ਦਾ ਸ਼ੋਰਬਾ ਪੀ ਕੇ ਕੱਟੇ, ਅਤੇ ਦੋ ਦਿਨ ਭੁੱਖੇ ਰਹਿ ਕੇ। ਪੰਜਵੇਂ ਦਿਨ ਮਾਂ ਨੂੰ ਭਾਂਡੇ ਮਾਂਜਣ ਦਾ ਕੰਮ ਮਿਲ ਗਿਆ ਸੀ। ਉਸ ਦਿਨ ਦੀ ਮਜਦੂਰੀ ਵਿਚ ਮਿਲੀ ਜੂਠ, ਅਸੀਂ

ਕਿਵੇਂ ਖਾਧੀ ਸੀ, ਕੀ ਦੱਸਾਂ ? ਢਿੱਡ ਦੀ ਭੁੱਖ ਕੀ ਨਹੀਂ ਕਰਾਉਂਦੀ, ਮੈਂ ਉਦੋਂ ਸਮਝ ਸਕਿਆ ਸੀ।

*

ਜਿਸ ਦਿਨ ਮੈਨੂੰ ਮੁਹੱਲੇ ਦੇ ਅਵਾਰਾ ਮੁੰਡੇ ਰਾਹੀਂ ਸਮਝਾਉਣ ਤੇ ਸਮਝ ਆਈ ਸੀ ਕਿ ਮੈਂ 'ਹਰਾਮੀ' ਹਾਂ, ਮੈਂ ਫੁੱਟ-ਫੁੱਟ ਕੇ ਰੋਇਆ ਸੀ। ਉਸ ਹਰਾਮਖੋਰ ਨੇ 'ਹਰਾਮੀ ਔਲਾਦ' ਦਾ ਇਜੇਹਾ ਭਿਆਨਕ ਚਿਤਰ ਖਿਚਿਆ ਸੀ ਕਿ ਮੈਂ ਡਰ ਗਿਆ ਸੀ। ਉਸਦੇ ਏਸ ਵਾਕ ਨੇ ਮੇਰਾ ਸੀਨਾ ਚੀਰ ਕੇ ਰੱਖ ਦਿਤਾ, 'ਸੋਮੂੰ, ਜਾਨਦੈਂ ਹਰਾਮੀ ਔਲਾਦ ਦਾ ਅਰਥ ? ਤੇਰੀ ਮਾਂ ਕਿਸੇ ਨਾਲ ਫਸੀ ਹੋਏਗੀ ਜਾਂ ਤੇਰੀ ਮਾਂ ਨਾਲ ਕਿਸੇ ਨੇ ਜਬਰਦਸਤੀ ਬੁਰਾ ਕੰਮ ਕੀਤਾ ਹੋਏਗਾ, ਜਿਸ ਨਾਲ ਗਰਭ ਰਹਿ ਗਿਆ ਅਤੇ ਉਸੇ ਗਰਭ ਨਾਲ ਤੂੰ ਪੈਦਾ ਹੋਇਆ।"

ਉਸ ਰਾਤ ਮਾਂ ਨਾਲ ਖੂਬ ਲੜਾਈ ਹੋਈ ਸੀ। ਮਾਂ ਤੋਂ ਕਰੇਦ ਕਰੇਦ ਕੇ ਮੈਂ ਉਸ ਆਵਾਰਾ ਦਾ ਨਾਂ ਪੁਛਣ ਦੀ ਕੋਸ਼ਿਸ਼ ਕੀਤੀ, ਪਰ ਮਾਂ ਟਸ ਤੋਂ ਮਸ ਨਾ ਹੋਈ। ਉਸਨੇ ਏਨਾ ਹੀ ਦੱਸਿਆ ਕਿ ਦੰਤੇਸ਼ਵਰੀ ਮਾਂ ਦੇ ਮੰਦਿਰ 'ਚ ਬਾਕਾਇਦਾ ਉਹਦਾ ਵਿਆਹ ਹੋਇਆ ਹੈ। ਉਸਨੇ ਦੇਵੀ ਦੀ ਪਰਕਰਮਾ ਕਰਕੇ ਕਸਮ ਖਾਧੀ ਹੈ ਕਿ ਉਹ ਉਸਨੂੰ ਜ਼ਰੂਰ ਲੈਣ ਆਏਗਾ, ਆਪਣੇ ਘਰ ਰੱਖੇਗਾ। ਤੈਨੂੰ ਆਪਣਾ ਨਾਂ ਦਏਗਾ।

'ਮਾਂ, ਓਹਦਾ ਨਾਂ ਤਾਂ ਦੱਸ", ਮੈਂ ਜ਼ਿਦ ਕੀਤੀ ਸੀ।

"ਮੈਂ ਉਸਦਾ ਨਾਂ ਕਿਵੇਂ ਲੈ ਸਕਦੀ ਹਾਂ, ਪੁਤਰ। ਇਕ ਮੁਰੀਆ ਔਰਤ ਕੀ ਆਪਣੇ ਪਤੀ ਦਾ ਨਾਂ ਲੈ ਕੇ ਪਾਪ ਦੀ ਹਿੱਸੇਦਾਰ ਬਣੇਗੀ।"

ਮੈਂ ਮਾਂ ਦੀ ਇਸ ਅੰਧਵਿਸ਼ਵਾਸੀ ਤੇ ਖ਼ੂੰਨ ਦੇ ਘੁੱਟ ਪੀ ਕੇ ਰਹਿ ਗਿਆ ਸੀ। ਮੈਂ ਮਾਂ ਦਾ ਦਿਲ ਦੁਖਾਉਣਾ ਵੀ ਨਹੀਂ ਸੀ ਚਾਹੁੰਦਾ, ਜਿਸਦਾ ਮੁੱਖ ਕਾਰਨ ਏਹ ਵੀ ਸੀ ਕਿ ਮੈਨੂੰ ਦੋ ਡੰਗ ਦੀ ਰੋਟੀ ਉਸੇ ਕਾਰਨ ਨਸੀਬ ਹੁੰਦੀ ਸੀ।

ਜਗਦਲਪੁਰ ਆਉਣ ਮਗਰੋਂ ਜਦੋਂ ਮਾਂ ਨੂੰ ਦੋ ਤਿੰਨ ਬਾਈਂ ਬਰਤਨ-ਪਾਣੀ ਦਾ ਕੰਮ ਮਿਲ ਗਿਆ ਤਾਂ ਮੇਰੇ ਲੱਖ ਮਨ੍ਹਾਂ ਕਰਨ ਦੇ ਬਾਵਜੂਦ ਉਸਨੇ ਮੈਨੂੰ ਮੁਹੱਲੇ ਦੇ ਸਕੂਲ 'ਚ ਦਾਖਿਲ ਕਰਵਾ ਦਿਤਾ। ਉਸ ਦਿਨ ਕਿੰਨੀ ਖੁਸ਼ ਸੀ। ਮੈਨੂੰ ਉਸਨੇ ਬਹੁਤ ਪਿਆਰ ਕੀਤਾ। ਨਵੀਂ ਪੈਂਟ-ਕਮੀਜ ਸੁਆਈ ਸੀ। ਘੰਟਿਆਂ ਬੱਧੀ ਬੁੱਕਲ 'ਚ ਲੈ ਕੇ ਪਤਾ ਨੀਂ ਕੀ ਕੀ ਰੇਤ ਦੇ ਮਹੱਲ ਬਨਾਉਂਦੀ ਰਹੀ। ਬਾਪੂ ਦੇ ਬਾਰੇ 'ਚ ਸੁਨਾਉਂਦੀ ਰਹੀ। ਉਹਦਾ ਗੁਣਗਾਣ ਕਰਦੀ ਰਹੀ, ਉਦੋਂ ਹੀ ਉਸਨੇ ਮੈਨੂੰ ਪਿਆਰ ਨਾਲ ਕਿਹਾ ਸੀ "ਸੋਮੂੰ, ਮੈਂ ਤੈਨੂੰ ਤੇਰੇ ਬਾਪੂ ਵਰਗਾ ਬਨਾਉਣਾ ਚਾਹੁੰਦੀ ਹਾਂ, ਬੋਲ, ਮੇਰਾ ਸੁਪਨਾ ਪੂਰਾ ਕਰੇਂਗਾ ਨਾ ?"

"ਨਹੀਂ, ਮੈਂ ਬਾਪੂ ਵਰਗਾ ਕਦੇ ਨਹੀਂ ਬਣੂੰਗਾ, ਏਨਾ ਨਿਰਮੋਹਾ, ਖ਼ੁਦਗਰਜ..." ਵਾਕ ਮੇਰਾ ਪੂਰਾ ਵੀ ਨਹੀਂ ਸੀ ਹੋਇਆ ਕਿ ਇਕ ਭਰਪੂਰ ਥੱਪੜ ਮਾਂ ਨੇ ਮੇਰੀ ਗੱਲ੍ਹ ਤੇ ਜੜ ਦਿਤਾ ਸੀ ਅਤੇ ਚੀਕੀ ਸੀ, "ਬਤਮੀਜ਼, ਤੂੰ ਜੀਹਦਾ ਖ਼ੂੰਨ ਏਂ, ਉਸਨੂੰ ਉੱਚਾ-ਨੀਵਾਂ ਉਸੇ ਦੀ ਧਰਮ-ਪਤਨੀ ਦੇ ਸਾਹਮਣੇ ਕਹਿਣ ਦੀ ਤੇਰੀ ਹਿੰਮਤ ਕਿਵੇਂ ਹੋਈ ?"

ਮੈਂ ਅਚਾਨਕ ਮਾਂ ਦੇ ਰੁਖ 'ਚ ਆਈ ਤਬਦੀਲੀ ਨੂੰ ਸਮਝਾ ਨਹੀਂ ਸਕਿਆ ਸੀ, ਪਰ ਮੈਨੂੰ ਬਹੁਤ ਬੁਰਾ ਲੱਗਾ ਸੀ, ਉਸਦਾ ਵਿਹਾਰ। ਮੈਂ ਵੀ ਚੀਕਿਆ ਸੀ, "ਹਾਂ-ਹਾਂ ਮੈਂ ਬੋਲੂੰਗਾ ਉਸਨੂੰ ਨਿਰਮੋਹਾ, ਖ਼ੁਦਗਰਜ, ਧੋਖੇਬਾਜ ਏਨੇ ਵਰ੍ਹੇ ਹੋ ਗਏ ਉਡੀਕ ਕਰਦਿਆਂ। ਨਾ ਚਿੱਠੀ ਲਿਖਦੇ ਨੇ, ਨਾ ਸਾਡੀ ਸਾਰ ਲੈਂਦੇ ਨੇ, ਇਹੋ ਜਿਹੇ ਦੀ ਪੂਜਾ ਕਰਨ 'ਚ ਕੀ ਪਿਐ ?"

ਮਾਂ ਏਹ ਸਭ ਨਹੀਂ ਸੁਣ ਸਕੀ। ਉਹਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਹ ਫੁਟ-ਫੁਟ ਕੇ ਰੋ ਪਈ ਸੀ। ਮੈਂ ਕਦੋਂ ਉਹਦੇ ਮੋਢੇ ਨਾਲ ਲੱਗਾ, ਮੈਨੂੰ ਯਾਦ ਨਹੀਂ। ਮਾਂ ਦੀਆਂ ਵੱਡੀਆਂ ਵੱਡੀਆਂ ਹਿਰਨੀ ਵਰਗੀਆਂ ਅੱਖਾਂ 'ਚ ਵਰ੍ਹਿਆਂ ਬਾਦ ਮੈਂ ਹੰਝੂ ਵਗਦੇ ਦੇਖੇ ਸਨ।

ਦੂਜੇ ਦਿਨ ਤੋਂ ਮੈਂ ਸਕੂਲ ਜਾਣਾ ਸ਼ੁਰੂ ਕਰ ਦਿਤਾ ਅਤੇ ਮੈਨੂੰ ਹੁਣ ਤਕ ਸਮਝ 'ਚ ਨਹੀਂ ਆਇਆ ਕਿ ਰੁੱਖੀ ਸੁੱਖੀ ਖਾ ਕੇ, ਬਿਨਾਂ ਕਿਤਾਬਾਂ ਦੇ ਨਗਰ-ਪਾਲਿਕਾ ਦੇ ਸਾਂਝੇ ਬਲਬ ਹੇਠ ਪੜ੍ਹ ਕੇ ਕਿਵੇਂ ਸਾਲ ਦਰ ਸਾਲ ਪਾਸ ਹੁੰਦਾ ਗਿਆ। ਉਹਨੀਂ ਦਿਨੀਂ ਮੈਨੂੰ ਦੁਸ਼ਿਅੰਤ ਦੀ ਏਹ ਗ਼ਜ਼ਲ ਪੜ੍ਹਣ ਨੂੰ ਥਿਆਈ :

ਕਹੀਂ ਧੂਪ ਕੀ ਚਾਦਰ ਵਿਛਾ ਕੇ ਬੈਠ ਗਏ,
ਕਹੀਂ ਪਰ ਸ਼ਾਮ ਸਿਰਹਾਨੇ ਲਗਾ ਕੇ ਬੈਠ ਗਏ।
ਜਲੇ ਜੋ ਰੇਤ ਮੇਂ ਤਲਵੇ ਤਾਂ ਹਮਨੇ ਯੇਹ ਦੇਖਾ,
ਬਹੁਤ ਸੇ ਲੋਗ ਛਟਪਟਾ ਕੇ ਵਹੀਂ ਬੈਠ ਗਏ।
ਦੁਕਾਨਦਾਰ ਤੋਂ ਮੇਲੇ ਮੇਂ ਲੁਟ ਗਏ ਯਾਰੋ,
ਤਮਾਸ਼ਬੀਨ ਦੁਕਾਨੇਂ ਲਗਾ ਕੇ ਬੈਠ ਗਏ।

ਇਸ ਗ਼ਜ਼ਲ ਨੂੰ ਮੈਂ 'ਬਸਤਰ' ਦੇ ਕਣ-ਕਣ ਵਿਚ ਸਾਕਾਰ ਹੁੰਦਿਆਂ ਦੇਖਿਆ ਦੇਖਿਆ। ਆਪਣੇ ਮੁਰਿਆ, ਮਾਰਿਆ ਭਰਾਵਾਂ ਨੂੰ ਧੁੱਪ 'ਚ ਤੜਪਦੇ, ਠੰਡ 'ਚ ਠਰਦੇ ਤੇ ਲੁੱਟਦਿਆਂ ਦੇਖਿਆ। ਮਨ 'ਚ ਹੂਕ ਉਠਦੀ ਸੀ, ਕਾਸ਼, ਏਹਨਾਂ ਲਈ ਕੁਝ ਕਰ ਸਕਾਂ, ਏਹਨਾਂ ਦੇ ਹੰਝੂ ਪੂੰਝ ਸਕਾਂ। ਏਹਨਾਂ ਦਾ ਦਰਦ ਪੀ ਸਕਾਂ, ਪਰ ਉਸ ਅਦਿਸ ਤੰਤਰ ਨਾਲ ਲੜਣ'ਦੀ ਜਿਉਂ-ਜਿਉਂ ਤਾਕਤ ਜੋੜਦਾ, ਤੰਤਰ ਮੈਨੂੰ ਹੋਰ ਵਿਰਾਟ ਨਜ਼ਰ ਆਉਂਦਾ। ਜਿਸ ਖੋਲੀ 'ਚ ਮੈਂ ਰਹਿੰਦਾ ਸੀ, ਉਹਦੇ ਆਲੇ ਦੁਆਲੇ ਪੱਕੇ ਤਿਮੰਜਲੇ ਮਕਾਨ ਸਨ, ਜਿਨ੍ਹਾਂ ਦੇ ਕਾਰਨ ਨਾ ਮੈਨੂੰ

ਚੰਦ ਦੀ ਰੋਸ਼ਨੀ ਮਿਲ ਸਕਦੀ ਹੈ, ਨਾ ਸੂਰਜ ਦੀ ਧੁੱਪ; ਸ਼ੁੱਧ ਹਵਾ ਕਿਥੋਂ ਮਿਲਦੀ ? ਇਹਨਾਂ ਅਥਾਹ ਮਹੱਲਾਂ ਨੂੰ ਪਾਰ ਕਰਕੇ ਤਾਜ਼ੀ ਹਵਾ ਦੇ ਆਉਣ ਦਾ ਪ੍ਰਸ਼ਨ ਹੀ ਨਹੀਂ ਉਠਦਾ ਸੀ। ਹਵਾ ਦੀ ਥਾਂ ਮਿਲਦੀ ਸੀ ਬਦਬੂ, ਜੋ ਉਨ੍ਹਾਂ ਭਵਨਾਂ ਦੇ ਫਲੱਸ਼-ਸਿਸਟਮਾਂ ਚੋਂ ਨਿਕਲਦੀ ਸੀ ਅਤੇ ਸਾਡੀ ਖੋਲੀ ਏਹਨਾਂ ਖ਼ੂਬਸੂਰਤ ਮਹੱਲਾਂ ਦੇ ਵਿਚਕਾਰ ਸੀ।

ਸਾਲ੍ਹ-ਵਣਾਂ ਦੀ ਤਾਜ਼ੀ ਹਵਾ, ਖੁੱਲ੍ਹਾ ਅਸਮਾਨ, ਉੱਜਲੀ ਧੁੱਪ ਮੋਢੇ ਦਾ ਭੱਥਾ ਤੇ ਹੱਥ ਦੇ ਧਨੁਸ਼ ਬਣ ਤਾਂ ਪਿੰਡੋਂ ਨਿਕਲਣ ਵੇਲੇ ਹੀ ਛੁੱਟ ਗਏ। ਬੜੀ ਰੀਝ ਸੀ, ਫਿਰ ਕਦੀ ਪਿੰਡ ਮੁੜਾਂਗਾ, ਸਾਲ੍ਹ-ਵਣਾਂ ਨਾਲ ਗੱਲਾਂ ਕਰਨ। ਧਨੁਸ਼-ਬਾਣ ਨਾਲ ਹੱਥ ਭਰਨ ਪਰ ਏਹ ਹੋਇਆ ਨਾ। ਕਿਹੋ ਜਿਹਾ ਦਿਲ ਦਿਤਾ ਈਸ਼ਵਰ ਤੂੰ। ਕਿਉਂ ਦੂਸਰੇ ਦਾ ਦਰਦ ਆਪਣਾ ਲਗਦਾ ਹੈ। ਕਿਉਂ ਅਨਿਆਂ ਦੇ ਵਿਰੁਧ ਹੱਥ ਉਠ ਖੜਦਾ ਹੈ। ਏਸ ਸੰਵੇਦਨਸ਼ੀਲਤਾ ਨੇ ਆਤਮ ਵਿਸ਼ਵਾਸ ਤਾਂ ਦਿਤਾ, ਪਰ ਮਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ। ਬੁੱਢੇ ਪ੍ਰਿੰਸੀਪਲ ਨੂੰ ਸਕੂਲ ਦੀ ਭੋਲੀ ਕੁੜੀ ਨਾਲ ਇਕਤਰਫ਼ਾ ਇਸ਼ਕ ਲੜਾਉਣ ਦਾ ਭਾਂਡਾ ਭੰਨਣ 'ਚ ਆਗੂ ਰਹਿਣ ਕਾਰਨ ਸਕੂਲੋਂ ਕੱਢ ਦਿਤਾ ਗਿਆ ਅਤੇ ਮਾਂ ਦੀਆਂ ਲੱਖ ਮਿੰਨਤਾਂ ਮਗਰੋਂ ਵਿਰ ਸਕੂਲ ਨਾ ਜਾ ਸਕਿਆ। ਸਕੂਲ 'ਚ ਸੀ, ਤਾਂ ਤੇ ਕੁਝ ਬੰਧਨ ਸਨ, ਹੁਣ ਤਾਂ ਸਿਰਫ ਆਕਾਸ਼ ਸੀ ਸਾਹਮਣੇ ਤੇ ਪੀੜਿਤ, ਦੁਖੀ ਮਾਨਵਤਾ ਦੀ ਸੇਵਾ ਦਾ ਸੁਪਨਾ। ਹੁਣ ਤਕ ਮੈਨੂੰ ਇਕ ਸਾਥੀ ਮਿਲ ਗਿਆ ਸੀ ਚਿੰਤੂ। ਬੱਸ, ਸਵੇਰੇ ਨਿਕਲਦੇ ਮੋਢੇ ਤੇ ਝੋਲਾ ਲਮਕਾਈ, ਪਿੰਡ ਪਿੰਡ ਘੁਮਦੇ। ਕਿਸੇ ਦੀ ਜ਼ਮੀਨ ਸੇਠ ਸ਼ਾਹੂਕਾਰ ਨੂੰ ਪਰੇਰ ਕੇ—ਬੇਨਤੀ ਕਰਕੇ ਵਾਪਸ ਦਿਵਾਉਂਦੇ। ਕਿਸੇ ਬਿਮਾਰ ਨੂੰ ਹਸਪਤਾਲ ਪਹੁੰਚਾਉਂਦੇ। ਕਿਸੇ ਬੇਈਮਾਨ ਅਫਸਰ ਦੀ ਖਬਰ ਉਪਰ ਪਹੁੰਚਾਉਂਦੇ। ਜਿਥੇ ਜੋ ਮਿਲਦਾ, ਖਾ ਲੈਂਦੇ। ਝਰਨਿਆਂ ਦੀ ਪਾਣੀ ਪੀ ਲੈਂਦੇ। ਆਪਣੇ ਹਜ਼ਾਰਾਂ-ਲੱਖਾਂ ਆਦਿ ਵਾਸੀ ਭਰਾਵਾਂ ਵਾਂਗ ਕਦੇ ਧੁੱਪ ਦੀ ਚਾਦਰ ਵਿਛਾ, ਕਦੀ ਸ਼ਾਮ ਸਿਰਹਾਣੇ ਲਗਾ ਕੇ ਸੌਂ ਲੈਂਦੇ। ਏਸ ਸਭ ਕਾਸੇ ਵਿਚਕਾਰ ਇਕ ਦੁੱਖ ਹਰਦਮ ਸੱਲਦਾ, ਉਹ ਸੀ ਮਾਂ ਦਾ ਸੁਪਨਾ ਅਤੇ ਉਸ ਦੀ ਮਾਨਸਿਕਤਾ। ਸਤਾਰਾਂ ਅਠਾਰਾਂ ਸਾਲ ਬੀਤਣ ਨੂੰ ਆਏ ਪਰ ਉਹਨੂੰ ਬਾਪੂ ਦੀ ਉਡੀਕ ਜਿਉਂ ਦੀ ਤਿਉਂ ਸੀ। ਮੱਥੇ ਦਾ ਸਿੰਧੂਰ ਉਵੇਂ ਹੀ ਚਮਕਦਾ। ਹੱਥ ਦੀਆਂ ਹਰੀਆਂ ਚੂੜੀਆਂ ਉਂਝ ਹੀ ਖੜਕਦੀਆਂ। ਸਫੈਦ ਵਾਲ ਕੰਨਾਂ ਦੇ ਆਸ ਪਾਸ ਝਾਕਣ ਲੱਗੇ। ਅਣਥਕ ਮੇਹਨਤ ਤੇ ਭੁੱਖੇ ਪੇਟ ਨੇ ਸਰੀਰ ਨੂੰ ਕਮਜ਼ੋਰ ਜ਼ਰੂਰ ਕੀਤਾ, ਪਰ ਉਸਦੀ ਆਸ ਅੰਤਮ ਵੇਲੇ ਤਕ ਕਾਇਮ ਰਿਹਾ। ਇੰਦਰਾਵਤੀ ਦੀ ਚਮਕਦੀ ਜਲਧਾਰਾ ਵਾਂਗੂ ਸਵੱਛ ਨਿਰਮਲ ਚੇਹਰਾ। ਅਨੰਤ ਗਹਿਰਾਈ ਵਾਲੀਆਂ ਅੱਖਾਂ। ਜਦੋਂ ਕਦੀ ਈਸ਼ਵਰ ਤੋਂ ਕੁਝ ਮੰਗਦਾ ਹਾਂ ਤਾਂ ਬੱਸ ਏਨਾ ਹੀ ਕਿ ਝੀਲ ਜਹੀਆਂ ਅੱਖਾਂ ਦੇ ਹੰਝੂ ਪੂੰਝ ਸਕਾਂ। ਮਾਂ ਨੂੰ ਉਸ ਕਠੋਰ ਨਾਲ ਮਿਲ ਸਕਾਂ। ਬੱਸ, ਏਨਾਂ ਹੀ ਸੁਪਨਾ ਹੈ, ਪਰ ਇਸ ਸੁਪਨੇ ਨੂੰ ਕਿਵੇਂ ਸਾਕਾਰ ਕਰਾਂ, ਸਮਝ ਨਹੀਂ ਸੀ ਆਉਂਦਾ। ਕਠੋਰ ਦਿਲੀ ਮਾਂ ਵੀ ਉਸ ਮੱਕਾਰ ਦਾ ਪਤਾ ਨਹੀਂ ਦਸਦੀ ਸੀ, ਉਸਦੀ ਫੋਟੋ ਵੀ ਤਾਂ ਕੋਲੇ ਨਹੀਂ, ਆਖਰ ਉਸਨੂੰ ਕਿਥੇ ਭਾਲਾਂ, ਕਿਥੇ ਲੱਭਾਂ। ਉਦੋਂ ਹੀ ਸਾਡੇ ਜ਼ਿਲੇ 'ਚ ਇਕ ਸੰਵੇਦਨਸ਼ੀਲ ਜ਼ਿਲਾ-ਅਧਿਕਾਰੀ ਆਏ, ਬ੍ਰਹਮ ਦੇਵ। ਸਾਡੇ ਆਦਵਾਸੀਆਂ ਦੇ ਦਰਦ ਨੂੰ ਉਨ੍ਹਾਂ ਨੇ ਪਹਿਚਾਣਿਆਂ ਅਤੇ ਕਈ ਕੰਮਾਂ ਦੇ ਨਾਲ ਇਥੋਂ ਦੇ ਸਮਾਜਿਕ, ਦੋਸ਼ ਤੇ ਸਜ਼ਾ ਦੀ ਸਮਸਿਆ ਨੂੰ ਦੂਰ ਕਰਨ ਦਾ ਬੀੜਾ ਚੁਕਿਆ। ਜਿਵੇਂ ਮਾਂ ਨਾਲ ਧੋਖਾ ਹੋਇਆ, ਉਵੇਂ ਕਈ ਆਦਵਾਸੀ ਔਰਤਾਂ ਨਾਲ ਹੋਇਆ ਸੀ। 'ਬਸਤਰ' ਦੀ ਸੁੰਦਰਤਾ ਕਈ ਮਨਚਲਿਆਂ ਨੂੰ ਖਿੱਚ ਲਿਆਉਂਦਾ ਹੈ। ਇਥੋਂ ਦੀ ਰੁਮਾਨੀ ਤਸਵੀਰ, ਜੋ ਅਧਕਚਰੇ ਪਤਰਕਾਰਾਂ ਤੇ ਕਾਮੁਕ ਲੇਖਕਾਂ ਨੇ ਬਣਾਈ ਹੈ, ਜਿਸ ਅਨੁਸਾਰ ਸਾਡਾ 'ਘੋਟੂਲ' (ਨੰਗੇ ਹੋ ਕੇ ਭਗਤੀ ਕਰਨ ਦੀ ਥਾਂ) ਉਨ੍ਹਾਂ ਦੀ ਖਿੱਚ ਦਾ ਪ੍ਰਮੁੱਖ ਕੇਂਦਰ ਹੈ, ਜਿਸਦੇ ਬਾਰੇ ਉਨ੍ਹਾਂ ਨੇ ਅਫਵਾਹ ਫੈਲਾਈ ਕਿ ਏਹਨਾਂ 'ਘੋਟੂਲਾਂ' 'ਚ ਮੁੰਡੇ ਕੁੜੀਆਂ ਨੰਗੇ ਹੁੰਦੇ ਨੇ, ਇਕੱਠੇ ਸੌਂਦੇ ਨੇ, ਸਲਫ਼ੀ ਪੀਂਦੇ ਨੇ, ਆਦਿ ਆਦਿ। ਉਨ੍ਹਾਂ ਨਾਦਾਨਾਂ ਨੂੰ ਮੈਂ ਕਿਵੇਂ ਸਮਝਾਵਾਂ ਕਿ ਘੋਟੂਲ ਸਾਡੀ ਪਹਿਲੀ ਪਾਠਸ਼ਾਲਾ ਹੈ, ਜਿਸ ਦੇ ਮਾਧਿਅਮ ਨਾਲ ਅਸੀਂ ਸਮਾਜਿਕ ਅਤੇ ਰਾਜਨੀਤਕ ਵਿਵਹਾਰ ਸਿਖਦੇ ਹਾਂ। 'ਘੋਟੂਲ' ਵਿਚ ਏਨਾਂ ਸਖਤ ਡਸਿਪਲਨ ਹੁੰਦਾ ਹੈ ਕਿ ਸਾਡੇ ਮਨ 'ਚ ਉਹ ਵਿਚਾਰ ਆਉਂਦੇ ਹੀ ਨਹੀਂ ਜਿਨ੍ਹਾਂ ਦੀ ਕਲਪਨਾ ਉਹ ਕਰਦੇ ਹਨ। ਦਰ ਅਸਲ ਉਹ ਆਪਣੇ ਗੰਦੇ ਵਿਚਾਰਾਂ ਨੂੰ ਹੀ ਆਪਣੀ ਲਿਖਤ ਵਿਚ ਝਲਕਾਉਂਦੇ ਹਨ, ਉਸਦਾ ਸਾਡੇ 'ਘੋਟੂਲ' ਦੀ ਅਸਲੀਅਤ ਨਾਲ ਕੋਈ ਸਬੰਧ ਨਹੀਂ ਹੁੰਦਾ। ਉਨ੍ਹਾਂ ਨੂੰ ਮੈਂ ਕਿਵੇਂ ਦੱਸਾਂ ਕਿ ਘੋਟੂਲ ਸਾਡੀ ਮਜਬੂਰੀ ਹੈ। ਇਕ ਕਮਰੇ ਦੀ ਝੋਂਪੜੀ 'ਚ ਮਾਂ ਪਿਉ ਦੇ ਸਾਹਮਣੇ ਜਵਾਨ ਬੱਚੇ ਕਿਵੇਂ ਰਾਤ ਗੁਜ਼ਾਰ ਸਕਦੇ ਹਨ। ਫਿਰ ਮਾਂ ਪਿਉ ਨੂੰ ਵੀ ਪਰਦਾ ਚਾਹੀਦੈ। ਸਾਡਾ ਬਜ਼ੁਰਗਾਂ ਨੇ ਉਸਦਾ ਹੱਲ ਕਢਿਆ ਘੋਟੂਲ ਦੇ ਰੂਪ 'ਚ, ਪਰ ਏਸ ਅੰਦਰੂਨੀ ਪਵਿਤਰਤਾ ਨੂੰ ਦੇਖਣ ਦੀ ਫੁਰਸਤ ਕਿਸਨੂੰ ਹੈ। ਉਨ੍ਹਾਂ ਨੂੰ ਤਾਂ ਖਿੱਚ ਚਾਹੀਦੀ ਹੈ,...ਅਤੇ ਅੱਧ-ਨੰਗੇਜ, ਜੋ ਸਾਡੀ ਪਰੰਪਰਾ ਤੇ ਮਜਬੂਰੀ ਹੈ, ਉਸ ਖਿੱਚ 'ਚ ਸ਼ਹਿਰੀ ਬਾਬੂ ਆਏ। ਭੋਲੀਆਂ ਭਾਲੀਆਂ ਸਾਡੀਆਂ ਭੈਣਾਂ ਨੂੰ ਸਬਜ਼ਬਾਗ ਦਿਖਾਏ। ਰਾਜ ਮਹੱਲ ਦਾ ਸੁਪਨਾ, ਸਿੰਧੂਰ ਦਾ ਸੁਪਨਾ

ਦਿਤਾ। ਉਨ੍ਹਾਂ ਦੇ ਗਦਰਾਏ ਸ਼ਰੀਰ ਨਾਲ ਖੇਡੇ ... ਉਨ੍ਹਾਂ ਨੂੰ [illegible] ਗਏ, ਮੁੜ ਕੇ ਨਹੀਂ ਆਏ। ਮੈਨੂੰ ਲਗਦਾ ਹੈ, ਮਾਂ ਲੱਖ ਸਫਾਈ ਦੇਵੇ, ਬਾਪੂ ਵੀ ਇੰਝ ਹੀ ਆਏ ਹੋਣਗੇ।

ਉਸ ਜੁਆਨ ਜਿਲਾ ਅਧਿਕਾਰੀ ਨੇ ਹੁਕਮ ਕੱਢ ਦਿਤਾ ਕਿ ਜਿਨ੍ਹਾਂ ਦੇ ਘਰੀਂ ਆਦਿ ਵਾਸੀ ਮੁਟਿਆਰਾਂ ਇੰਝ ਰਖੇਲ ਦੇ ਤੌਰ ਤੇ ਹਨ, ਸਬੰਧਿਤ ਉਨ੍ਹਾਂ ਨਾਲ ਰਸਮੀਂ ਸ਼ਾਦੀ ਕਰਨ, ਨਹੀਂ ਤਾਂ ਉਨ੍ਹਾਂ ਵਿਰੁਧ ਵਿਧਾਨਿਕ ਕਾਰਵਾਈ ਹੋਵੇਗੀ। ਤਹੱਲਕਾ ਮੱਚ ਗਿਆ ਇਸ ਹੁਕਮ ਨਾਲ ਏਸ ਆਦਮ-ਇਲਾਕੇ 'ਚ। ਮੈਂ ਵੀ ਮਾਂ ਨੂੰ ਲੱਖ ਸਮਝਾਇਆ ਕਿ ਉਹ ਵੀ ਬੇਨਤੀ ਕਰੇ, ਜਿਲਾ ਅਧਿਕਾਰੀ ਨੂੰ, ਪਰ ਉਹ ਨਾ ਮੰਨੀ। ਮੈਂ ਮਨ ਮਸੋਸ ਕੇ ਰਹਿ ਗਿਆ। ਬ੍ਰਹਮਾ ਦੇਵ, ਵਧੇਰੇ ਦਿਨ ਏਸ ਅਲਾਕੇ 'ਚ ਨਾ ਰਹਿ ਸਕੇ। ਉਨ੍ਹਾਂ ਦੇ ਆਦਿ ਵਾਸੀ ਕਲਿਆਣ ਦੇ ਸੁਪਨੇ ਕਈਆਂ ਦੀ ਅੱਖ ਦਾ ਕੰਡਾ ਬਣ ਗਏ। ਉਨ੍ਹਾਂ ਦੀ ਬਦਲੀ ਵਾਲੇ ਦਿਨ ਮੇਰੀਆਂ ਅੱਖਾਂ ਗਿੱਲੀਆਂ ਹੋ ਗਈਆਂ ਸਨ।

ਮੇਰਾ ਜੀਵਨ-ਝਰਨਾ ਇੰਝ ਹੀ ਪਥਰੀਲੀਆਂ ਘਾਟੀਆਂ ਅਤੇ ਸਪਾਟ ਮੈਦਾਨਾਂ ਵਿਚਦੀ ਹੋ ਕੇ ਵਹਿ ਰਿਹਾ ਸੀ ਕਿ ਉਦੋਂ ਹੀ ਭੁਚਾਲ ਆ ਗਿਆ। ਮਾਂ ਉਸ ਦਿਨ ਭਾਂਡੇ ਮਾਂਜ ਕੇ ਮੁੜਣ ਵੇਲੇ ਅਖਬਾਰ ਲੈ ਕੇ ਹਵਾ 'ਚ ਉਡਦੀ ਜਿਵੇਂ ਆਈ ਹੋਵੇ, ਅਤੇ ਮੇਰੇ ਨਾਲ ਚਿੰਬੜ ਕੇ ਬੋਲੀ ਸੀ, ਉਹ ਆ ਰਹੇ ਹਨ, ਦੇਖ ਸੋਮੂ, ਮੈਂ ਕਹਿੰਦੀ ਸੀ ਨਾ। ਉਹ ਇਕ ਦਿਨ ਜ਼ਰੂਰ ਆਉਣਗੇ, ਲੈ, ਦੇਖ ਉਨ੍ਹਾਂ ਦੀ ਤਸਵੀਰ, ਉਨ੍ਹਾਂ ਦੀ ਤਸਵੀਰ ਛਪੀ ਹੈ, ਅਖਬਾਰ 'ਚ। ਉਹ ਨਿਆਂ-ਮੰਦਿਰ ਦਾ ਉਦਘਾਟਨ ਕਰਨ ਆ ਰਹੇ ਨੇ। ਅੱਜ ਤੋਂ ਅਠਾਰਾਂ ਸਾਲ ਪਹਿਲਾਂ ਉਹ ਇਸੇ ਨਿਆਂ-ਮੰਦਿਰ ਦਾ ਨੀਂਹ ਪੱਥਰ ਰੱਖਣ ਆਏ ਸੀ।" ਮੈਂ ਲਗ ਪਗ ਝਪੱਟਾ ਮਾਰ ਕੇ ਅਖਬਾਰ ਖੋਹ ਲਿਆ ਸੀ। ਫੋਟੋ ਨਾਲ ਮੋਟੇ ਅੱਖਰਾਂ 'ਚ ਖਬਰ ਸੀ—ਨਿਆਂਮੂਰਤੀ ਰਾਧਾਮੋਹਨ ਸਕਸੇਨਾ ਦਾ ਨਿਆਂਮੰਦਿਰ ਉਦਘਾਟਨ ਵਾਸਤੇ ਨਗਰ ਆਗਮਨ। ਨਾਲ ਹੀ ਜੀਵਨ-ਜਾਣਕਾਰੀ ਸੀ, ਆਗਮਨ ਦੀ ਤਰੀਕ, ਪ੍ਰੋਗਰਾਮ ਦੇ ਵਿਸਥਾਰ-ਪੂਰਨ ਵੇਰਵੇ ਸਹਿਤ। ਸੰਜੋਗ ਨਾਲ ਆਗਮਨ ਦੀ ਤਰੀਕ, ਅਗਲੇ ਦਿਨ ਹੀ ਸੀ। ਮਾਂ ਰਾਤ ਭਰ ਸੌਂ ਨਾ ਸਕੀ। ਅਠਾਰਾਂ ਸਾਲ ਪੁਰਾਣੀ ਸਾਹੜੀ ਰਾਤੋ ਰਾਤ ਧੋਤੀ, ਅੱਗ 'ਚ ਸੁਕਾਈ ਗਈ ਅਤੇ ਸਿਰਹਾਣੇ ਰੱਖ ਕੇ ਪ੍ਰੈਸ ਕੀਤੀ ਗਈ।

ਮੈਨੂੰ ਪਤਾ ਨੀ ਕਿਉਂ ਲੱਗ ਰਿਹਾ ਸੀ ਕਿ ਰਾਧਾਮੋਹਨ ਪਛਾਣਨੋਂ ਹੀ ਨਾਂਹ ਕਰ ਦੇਣਗੇ। ਮੈਨੂੰ ਆਪਣਾ ਸੰਦੇਹ ਮਾਂ ਸਾਹਮਣੇ ਪਰਗਟ ਕਰਨ ਦੀ ਹਿੰਮਤ ਨਹੀਂ ਪਈ, ਉਹਦਾ ਚਾਅ ਦੇਖਕੇ। ਮੈਂ ਵੀ ਈਸ਼ਵਰ ਅੱਗੇ ਮਿੰਨਤਾਂ ਕਰਦਾ ਰਿਹਾ, ਰਾਤ ਭਰ। "ਈਸ਼ਵਰ! ਮਾਂ ਦਾ ਸੁਪਨਾ ਸਾਕਾਰ ਹੋ ਜਾਏ, ਮੈਨੂੰ ਬਾਪ ਦਾ ਨਾਂ ਮਿਲ ਜਾਵੇ।"

ਦੂਜੇ ਦਿਨ ਜੋ ਕੁਝ ਹੋਇਆ, ਉਸਨੇ ਤਾਂ ਮੇਰੀ ਦੁਨੀਆਂ ਹੀ ਉਜਾੜ ਦਿਤੀ। ਜੋ ਮੈਨੂੰ ਸ਼ੱਕ ਸੀ, ਉਵੇਂ ਹੀ ਹੋਈ। ਬੜੀ ਮੁਸ਼ਕਿਲ ਨਾਲ ਤਾਂ ਨਿਆਂਮੂਰਤੀ ਭਾਵ ਮੇਰੇ ਨਾਮਨਿਹਾਦ ਪਿਤਾ ਨਾਮ ਮਿਲਣ ਦਾ ਸਮਾਂ ਮਿਲ ਸਕਿਆ। ਸਰਕਟ ਹਾਊਸ ਦੇ ਚੌਕੀਦਾਰ ਤੋਂ ਲੈਕੇ ਪੁਲਸ ਗਾਰਡ ਤਕ ਕੀਹਦੇ ਕੀਹਦੇ ਅੱਗੇ ਹੱਥ ਜੋੜੇ, ਪੈਰ ਫੜੇ ਤਾਂ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਹੋ ਸਕੀ। ਉਹ ਦ੍ਰਿਸ਼ ਮੇਰੀਆਂ ਅੱਖਾਂ ਅਗੇ ਹੈ। ਸਜਵਿਹਾਈ ਵਾਂਗੂ ਸੱਜੇ ਸਜਾਏ ਸਰਕਟ ਹਾਊਸ ਦੇ ਵੱਡੇ ਕਮਰੇ ਦੇ ਵਿਚਾਲੇ ਇਕ ਅਸਥਾਨ ਜਿਹਾ ਆਦਮੀ ਬੈਠਾ ਸੀ। ਮਾਂ ਕਮਰੇ 'ਚ ਵੜਦਿਆਂ ਹੀ ਗਿੜਗਿੜਾ ਕੇ ਪੈਰਾਂ ਤੇ ਡਿਗ ਪਈ ਸੀ। ਉਹ ਮੱਕਾਰ ਚੀਕਿਆ ਸੀ, "ਚੌਕੀਦਾਰ, ਏਹ ਪਾਗਲ ਔਰਤ ਕੌਣ ਹੈ ਕਢੋ ਇਸਨੂੰ ਕਮਰੇ 'ਚੋਂ।"

ਮਾਂ ਗਿੜਗਿੜਾ ਰਹੀ ਸੀ, "ਸੋਮੂ ਦੇ ਬਾਪੂ, ਕੀ ਭੁਲ ਗਏ ਆਪਣਾ ਵਾਹਦਾ, ਦੇਖੋ, ਮੈਂ ਅਠਾਰਾਂ ਸਾਲ ਤੁਹਾਡਾ ਇੰਤਜ਼ਾਰ ਕੀਤਾ ਹੈ, ਹੁਣ ਮੈਂ ਤੁਹਾਡੇ ਬਗੈਰ ਪਲ ਭਰ ਵੀ ਨਹੀਂ ਰਹਿ ਸਕਦੀ।"

ਏਨੇ 'ਚ ਰੋਹਬਦਾਰ, ਚਪਰਾਸ ਲਾਈ ਮੁਛਲ ਚਪਰਾਸੀ ਆ ਗਿਆ ਸੀ ਚਪਰਾਸੀ ਨੂੰ ਦੇਖ ਕੇ ਉਹ ਧੱਖੇਬਾਜ ਚੀਕਿਆ ਸੀ, "ਹਟਾਓ ਇਸ ਰੰਡੀ ਨੂੰ ਇਥੋਂ।" ਚਪਰਾਸੀ ਮਾਂ ਨੂੰ ਹੱਥ ਲਾਵੇ, ਏਸ ਤੋਂ ਪਹਿਲਾਂ ਹੀ, ਮੈਂ ਜੋ ਹੁਣ ਤਕ ਖਾਮੋਸ਼ ਦਰਸ਼ਕ ਬਣਿਆਂ ਹੋਇਆ ਸੀ, ਚੀਕਿਆ, "ਖਬਰਦਾਰ, ਜੇ ਹੱਥ ਲਾਇਆ ਮੇਰੀ ਮਾਂ ਨੂੰ।" ਅਤੇ ਉਸ ਮੱਕਾਰ ਵੱਲ ਮੁਖਾਤਿਬ ਹੁੰਦਿਆਂ ਕਿਹਾ ਸੀ, "ਧੋਖੇਬਾਜ਼, ਗ਼ਦਾਰ! ਜਿਸ ਦੇਵੀ ਨੇ ਅਠਾਰਾਂ ਸਾਲ ਤੈਨੂੰ ਦਿਲ-ਮੰਦਰ ਵਿਚ ਸਜਾ ਕੇ ਪੂਜਿਆ, ਉਹਨੂੰ ਤੂੰ ਰੰਡੀ ਕਿਹਾ, "ਮੈਂ ਤੈਨੂੰ ਜਿੰਦਾ ਨਹੀਂ ਛੱਡਾਂਗਾ।" ਮੈਂ ਉਸ ਤੇ ਝਪਟਾਂ, ਏਸ ਤੋਂ ਪਹਿਲਾਂ ਹੀ ਚਪੜਾਸੀ ਅਤੇ ਪੁਲਸ ਗਾਰਡ ਦੇ ਜਵਾਨ ਸਾਨੂੰ ਦੋਹਾਂ ਨੂੰ ਫੜ ਕੇ ਕਮਰੇ ਤੋਂ ਬਾਹਰ ਕਰ ਚੁਕੇ ਸਨ। ਉਨ੍ਹਾਂ ਹਰਾਮਖੋਰਾਂ ਨੇ ਬਾਹਰ ਕੱਢਕੇ ਹੀ ਸਾਹ ਨਹੀਂ ਲਿਆ, ਸਾਨੂੰ ਥਾਣੇ ਲੈ ਗਏ। ਮੇਰੇ ਤੇ ਨਕਸਲਵਾਦੀ ਹੋਣ ਦਾ ਦੋਸ਼ ਲਾ ਕੇ, ਅਤੇ ਮਾਂ ਨੂੰ ਮੇਰੇ ਅਵਿਧਾਨਕ ਕੰਮਾਂ ਦਾ ਸਹਿਯੋਗੀ ਦੱਸ ਕੇ, ਅੰਦਰ ਕਰ ਦਿਤਾ। ਥਾਣੇ ਦੀ ਉਸ ਬਦਬੂਦਾਰ ਕੋਠਵੀ ਵਿਚ ਜੋ ਕੁਝ ਹੋਇਆ, ਉਸਨੂੰ ਬਿਆਨ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ।

ਉਸੇ ਕੋਠੜੀ 'ਚ ਮੈਂ ਮਾਂ ਨੂੰ 'ਅੰਤਮ ਸਾਹ ਲੈਂਦੀ ਦੇਖਿਆ, ਉਸ ਧਰਮਾਤਮਾ, ਕਾਇਰ ਔਰਤ ਨੂੰ ਸ਼ੇਰਨੀ ਦੇ ਵਿਚ ਬਦਲਦੀ ਦੇਖਿਆ, ਪਰ ਉਹ ਚਮਕ,

ਦੀਵਾ ਬੁਝਣ ਦੇ ਪਹਿਲਾਂ ਦੀ ਅੰਤਮ ਚਮਕ ਸੀ।

ਮਾਂ ਨੂੰ ਖੂਨ ਦੀ ਉਲਟੀ ਆਈ। ਮੈਂ ਪਾਣੀ ਲਈ ਚੀਕਦਾ ਰਿਹਾ, ਪਰ ਉਥੇ ਕੌਣ ਸੁਣਨ ਵਾਲਾ ਸੀ। ਮੇਰੇ ਤੇ ਕੀ ਬੀਤੀ ਹੋਵੇਗੀ ਉਸ ਵੇਲੇ, ਤੁਸੀਂ ਕਲਪਨਾ ਕਰ ਸਕਦੇ ਹੋ? ਜਵਾਨ ਬੇਟਾ, ਆਪਣੀ ਬਿਮਾਰ ਮਾਂ ਦੇ ਸੁਪਨੇ ਸਾਕਾਰ ਕਰਨਾ ਤਾਂ ਦੂਰ, ਇਕ ਘੁੱਟ ਪਾਣੀ ਵੀ ਨਾ ਪਿਆ ਸਕੇ, ਇਸਤੋਂ ਵਧੇਰੇ ਬਦਕਿਸਮਤੀ ਕੀ ਹੋ ਸਕਦੀ ਹੈ। ਹਾਰ ਕੇ ਮਾਂ ਦਾ ਸਿਰ ਆਪਣੀ ਗੋਦੀ 'ਚ ਰੱਖਕੇ ਥਾਪੜਦਾ ਰਿਹਾ। ਥਾਪੜਣ ਨਾਲ ਸ਼ਾਇਦ ਮਾਂ ਨੂੰ ਤਸੱਲੀ ਮਿਲੀ ਸੀ। ਉਹਦੀਆਂ ਅੱਖਾਂ ਚੋਂ ਝਰਨਾ ਫੁੱਟ ਤੁਰਿਆ ਸੀ, "ਸੋਮੂੰ ਤੂੰ ਮੇਰਾ ਇਕ ਕੰਮ ਕਰੇਂਗਾ? ਮੈਂ ਜਾ ਰਹੀ ਹਾਂ, ਇਸ ਦੁਨੀਆਂ ਨੂੰ ਛੱਡਕੇ, ਜੋ ਕੇਵਲ ਕੁਝ ਲੋਕਾਂ ਲਈ ਹੁਸੀਨ ਹੈ। ਜਾਣ ਤੋਂ ਪਹਿਲਾਂ ਮੈਨੂੰ ਵਚਨ ਦੇਹ ਕਿ ਤੂੰ ਉਸ ਮੱਕਾਰ ਦੇ ਖੂੰਨ ਦਾ ਤਿਲਕ ਲਾਵੇਂਗਾ।"

"ਮਾਂ, ਏਹ ਕੀ ਕਹਿ ਰਹੀ ਹੈਂ ਤੂੰ ... ਜਿਸਨੂੰ ਅੱਜ ਤਕ ਪੂਜਿਆ, ਜੀਹਦੇ ਨਾਂ ਤੇ ਮਾਂਗ ਭਰੀ, ਚੂੜੀਆਂ ਪਹਿਨੀਆਂ ..."

"ਹਾਂ ਬੇਟਾ, ਉਸੇ ਦੇ ਖੂੰਨ ਦਾ ਤਿਲਕ ਤੂੰ ਮੱਥੇ ਤੇ ਲਾਉਣਾ ਹੈ, ਤਾਂ ਹੀ ਮੇਰੀ ਆਤਮਾ ਨੂੰ ਸ਼ਾਂਤੀ ਮਿਲੇਗੀ, ਅਨਿਆਂ ਕਰਨ ਨਾਲੋਂ ਅਨਿਆਂ ਸਹਿਣਾ ਵਧੇਰੇ ਗੁਨਾਹ ਹੈ, ਏਨੇ ਸਾਲਾਂ ਮਗਰੋਂ ਮੁਲਾਕਾਤ ਹੋਣ ਤੇ ਜੇ ਪ੍ਰੇਮ ਨਾਲ ਮਿਲਦੇ, ਆਪਣੀ ਮਜ਼ਬੂਰੀ ਦਸਦੇ ਤਾਂ ਸੱਚ ਕਹਿੰਦੀ ਹਾਂ ਮੇਰੀ ਜੀਭ ਤੇ ਕਦੇ ਵੀ ਉਨ੍ਹਾਂ ਦਾ ਨਾਂ ਨਾ ਆਉਂਦਾ। ਮੈਂ ਗੁਮਨਾਮ, ਤੇਰਾ ਮੂੰਹ ਦੇਖ ਕੇ ਆਪਣੀ ਜੀਭ ਗੁਜਾਰ ਦਿੰਦੀ, ਪਰ ਉਹਨੇ ਮੈਨੂੰ ਰੰਡੀ ਕਿਹਾ ਬਦਚਲਣ ਕਿਹਾ, ਮੇਰੇ ਸਮਰਪਣ ਨੂੰ ਢੋਂਗ ਸਮਝਿਆ। ਪ੍ਰੇਮ ਤੇ ਘਿਰਣਾ ਇਕ ਹੀ ਸਿੱਕੇ ਦੇ ਦੋ ਪਹਿਲੂ ਹੁੰਦੇ ਨੇ, ਬੇਟਾ।

ਉਦੋਂ ਹੀ ਖੂੰਨ ਦੀ ਉਲਟੀ ਦੁਬਾਰਾ ਆਈ। ਉਸਦੀ ਆਵਾਜ਼ ਰੁਕ ਗਈ। ਮੈਂ ਮੱਥਾ ਪਲੋਸਿਆ ਤਾਂ ਉਸਨੂੰ ਕੁਝ ਰਾਹਤ ਮਿਲੀ।

"ਏਹ ਸਭ ਕਿਵੇਂ ਹੋਇਆ, ਕਿਉਂ ਹੋਇਆ ਮਾਂ, ਸਾਡੇ ਸੰਸਕਾਰ ਤਾਂ ਇਜੇਹੇ ਨਹੀਂ, ਫਿਰ ਤੂੰ ਕਿਵੇਂ ਇਸ ਮੱਕਾਰ ਦੇ ਬਹਿਕਾਵੇ 'ਚ ਆਈ?"

ਮਾਂ ਆਪਣੀ ਯਾਦਆਸ਼ਤ ਤੇ ਜ਼ੋਰ ਦੇ ਰਹੀ ਹੈ, ਉਹਦੇ ਮੱਥਿਆਂ ਤੇ ਪਏ ਵਲਾਂ ਤੋਂ ਸਪਸ਼ਟ ਹੈ।

"ਅਠਾਰਾਂ ਸਾਲ ਪਹਿਲਾਂ ਦੀ ਗੱਲ ਹੈ ਬੇਟੇ, ਉਦੋਂ ਮੈਂ ਜਵਾਨੀ ਦੀ ਦਹਿਲੀਜ਼ ਤੇ ਪੈਰ ਰਖਿਆ ਹੀ ਸੀ। ਸਲਫ਼ੀ ਦੇ ਘੁੱਟ ਅਤੇ ਮਹੂਏ ਦੀ ਚਾਸਨੀ ਨੇ ਇਜੇਹਾ ਰੰਗ ਭਰ ਦਿਤਾ ਸੀ ਕਿ ਮੈਂ ਹਾਨਣਾਂ ਦੀ ਸਰਤਾਜ ਬਣ ਗਈ ਸੀ। ਜੰਗਲ ਦੀ ਮੋਰਨੀ ਤੋਂ ਮੈਂ ਨਾਚ ਸਿਖਿਆ ਸੀ। ਏਨੀ ਥਿਰਕਣ ਸੀ ਕਿ ਦੇਖਣ ਵਾਲੇ ਦੰਦਾਂ ਹੇਠ ਉਂਗਲੀ ਦਬਾ ਲੈਂਦੇ ਸਨ। ਸਾਡਾ ਨਾਚ-ਦਲ ਇਲਾਕੇ ਭਰ 'ਚ ਮਸ਼ਹੂਰ ਹੋ ਗਿਆ। ਦੂਰੋਂ ਦੂਰੋਂ ਸੱਦਾ ਆਉਂਦਾ ਸੀ ਨਾਚ ਵਾਸਤੇ। ਉਦੋਂ ਹੀ ਏਹ ਆਏ ਸੀ ਜਗਦਲਪੁਰ ਨਿਆਂ ਮੰਦਰ ਦਾ ਨੀਂਹ ਪੱਥਰ ਰੱਖਣ। ਇਹਨਾਂ ਦੇ ਸਨਮਾਨ 'ਚ ਆਦਿਵਾਸੀ ਨਿਰਤ ਰੱਖਿਆ ਗਿਆ ਸੀ। ਜਿਸ 'ਚ ਸਾਡਾ ਦਲ ਵੀ ਗਿਆ ਸੀ। ਪੂਰੇ ਪ੍ਰੋਗਰਾਮ ਵਿਚ ਏਹ ਬੇਸ਼ਰਮੀ ਨਾਲ ਮੈਨੂੰ ਘੂਰਦੇ ਰਹੇ ਸਨ। ਪ੍ਰੋਗਰਾਮ ਦੀ ਸਮਾਪਤੀ ਮਗਰੋਂ, ਸਾਡੇ 'ਘੋਟੂਲ' ਦੇ ਮੁਖੀਏ ਰਾਹੀਂ, ਇਨ੍ਹਾਂ ਨੇ ਮੇਰੇ ਨਾਲ ਸ਼ਾਦੀ ਦਾ ਪ੍ਰਸਤਾਵ ਰੱਖਿਆ ਸੀ। ਪ੍ਰਸਤਾਵ ਕੀ ਸੀ, ਦਬਾਅ ਸੀ। ਮੇਰੇ ਇਨਕਾਰ ਦੇ ਬਾਵਜੂਦ ਮੈਨੂੰ ਜ਼ਬਰਦਸਤੀ ਉਨ੍ਹਾਂ ਦੀ ਸੇਜ ਦਾ ਸ਼ਿੰਗਾਰ ਬਣਾ ਦਿਤਾ ਗਿਆ ਸੀ। ਲੁੱਟਣ ਤੋਂ ਪਹਿਲਾਂ ਮੈਂ ਕਸਮ ਖਾਧੀ ਸੀ ਦੰਤੇਸ਼ਵਰੀ ਮਾਂ ਦੀ, ਉਸ ਮੱਕਾਰ ਨੇ ਮੇਰੀਆਂ ਸਭ ਗੱਲਾਂ ਸਿਰ ਝੁਕਾ ਕੇ ਸਵੀਕਾਰ ਕਰ ਲਈਆਂ ਸਨ। ਰਾਤੀਂ ਮਾਂ ਦੇ ਮੰਦਰ ਸਾਹਮਣੇ, ਇਸਨੂੰ ਮੈਂ ਆਪਣੀ ਕਿਸਮਤ ਮੰਨਕੇ ਅਪਨਾ ਲਿਆ ਸੀ। ਉਸੇ ਰਾਤ ਤੂੰ ਮੇਰੀ ਕੁੱਖ 'ਚ ਆਇਆ। ਦੂਜੇ ਦਿਨ ਏਹ ਮੱਕਾਰ ਚਲਿਆ ਗਿਆ; ਜਲਦੀ ਆਉਣ ਦਾ ਵਾਅਦਾ ਕਰਕੇ, ਹੁਣ ਤਕ ਤੜਫਾਉਣ ਲਈ। ਪਿੰਡ ਆਉਣ ਮਗਰੋਂ ਏਹ ਗੱਲ ਮੈਂ ਲਕੋਈ ਰੱਖੀ। ਮੁਖੀਏ ਸੁਖਧਰ ਬਿਨਾਂ, ਕਿਸੇ ਨੂੰ ਵੀ ਮਾਲੂਮ ਨਹੀਂ ਸੀ ਏਹ ਗੱਲ। ਸੁਖਧਰ ਏਹਦੇ ਬਾਵਜੂਦ ਵੀ ਮੈਨੂੰ ਅਪਨਾਉਣਾ ਚਾਹੁੰਦਾ ਸੀ, ਪਰ ਆਪਣੀ ਅਪਵਿੱਤਰ ਦੇਹ ਉਸਨੂੰ ਸੌਂਪਣ ਦੀ ਮੇਰੇ 'ਚ ਹਿੰਮਤ ਨਹੀਂ ਪਈ। ਅਜੇਹੀਆਂ ਗੱਲਾਂ ਕਦੋਂ ਲੁਕਦੀਆਂ ਹਨ ਲਕੋਈਆਂ। ਤੇਰੇ ਆਉਣ ਮਗਰੋਂ ਵੀ ਮੈਂ ਘਰ ਵਾਲਿਆਂ ਨੂੰ ਦਿਲਾਸਾ ਦਿੰਦੀ ਰਹੀ ਕਿ ਉਹ ਜ਼ਰੂਰ ਆਵੇਗਾ। ਪਿੰਡ-ਘਰ ਵਾਲਿਆਂ ਨੇ ਬੜੀ ਉਡੀਕ ਕੀਤੀ। ਅੰਤ 'ਚ ਹਾਰ ਕੇ ਸਾਨੂੰ ਪਿੰਡ ਛੱਡਣਾ ਪਿਆ, ਏਸ ਮਗਰੋਂ ਜੋ ਕੁਝ ਹੋਇਆ, ਉਹ ਤਾਂ ਤੇਰੇ ਸਾਹਮਣੇ ਹੈ।" ਏਨਾ ਦੱਸਕੇ ਮਾਂ ਥੱਕ ਜਹੀ ਗਈ। ਮੈਂ ਹਿੰਮਤ ਦਿੰਦਾ ਰਿਹਾ, ਪਰ ਤੀਜੀ ਉਲਟੀ ਮਗਰੋਂ ਮਾਂ ਦੇ ਪਰਾਣ ਪੰਖੇਰੂ ਉੱਡ ਗਏ। ਮੈਂ ਅਭਾਗਾ ਰੋ ਵੀ ਨਹੀਂ ਸਕਿਆ। ਬੱਸ, ਖੂੰਨ ਦੇ ਘੁੱਟ ਪੀ ਕੇ ਰਹਿ ਗਿਆ।

ਦੂਜੇ ਦਿਨ ਸਵੇਰੇ ਬੜਾ ਹੰਗਾਮਾ ਹੋਇਆ। ਤਾਂ ਥਾਣੇਦਾਰ ਆਪਣੀ ਨੌਕਰੀ ਬਚਾਉਣ ਦੇ ਚੱਕਰ 'ਚ ਮੇਰੇ ਸਾਹਮਣੇ ਗਿੜਗਿੜਾਇਆ ਕਿ ਮੈਂ ਸਵੀਕਾਰ ਕਰ ਲਵਾਂ ਕਿ ਮਾਂ ਦੀ ਮੌਤ ਸੁਭਾਵਿਕ ਹੈ, ਏਹਦੇ 'ਚ ਥਾਣੇ ਵਾਲਿਆਂ ਦਾ ਕੋਈ ਕਸੂਰ ਨਹੀਂ। ਅਤੇ ਮੈਂ ਇਸ ਸ਼ਰਤ ਤੇ ਕਿ ਉਹ ਮੈਨੂੰ ਨਿੱਜੀ ਮੁਚੱਲਕੇ ਤੇ ਛੱਡ ਦੇਵੇਗਾ ਅਤੇ ਨਿਆਂ ਮੂਰਤੀ ਨੂੰ ਮਿਲਾ ਕੇ ਮਾਫ਼ੀ ਮੰਗਵਾ ਦੇਵੇਗਾ, ਲਿਖਕੇ ਦੇ ਦਿਤਾ ਕਿ ਮਾਂ ਦੀ ਮੌਤ ਸੁਭਾਵਿਕ ਹੋਈ ਹੈ, ਉਹ ਵਰ੍ਹਿਆਂ ਤੋਂ ਬਿਮਾਰ ਸੀ, ਉਸਨੂੰ ਟੀ. ਬੀ. ਹੋ ਗਈ ਸੀ।

ਮਾਂ ਦੀ ਲਾਸ਼ ਦਫਨਾਉਣ ਮਗਰੋਂ ਥਾਣੇਦਾਰ ਆਪਣੇ ਵਾਹਦੇ ਅਨੁਸਾਰ ਮੈਨੂੰ ਨਿਆਂਮੂਰਤੀ ਨੂੰ ਮਿਲਾਉਣ ਲੈ ਗਿਆ ਸੀ। ਉਸਨੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਉਥੇ ਮੈਂ ਕੁਝ ਗੜਬੜੀ ਵੀ ਕਰ ਸਕਦਾ ਹਾਂ। ਮੈਂ ਆਪਣੀ ਯੋਜਨਾ ਅਨੁਸਾਰ ਜਦੋਂ ਨਿਆਂਮੂਰਤੀ ਨੂੰ ਮਿਲਿਆ ਤਾਂ ਉਹਨਾਂ ਦੇ ਪੈਰ ਛੂਹਣ ਦੇ ਬਹਾਨੇ ਕੋਲ ਗਿਆ ਸੀ ਅਤੇ ਮੇਰੀ 'ਡੱਬ' 'ਚ ਲੁਕਿਆ ਚਾਕੂ, ਇਕ ਝਟਕੇ ਨਾਲ ਉਨ੍ਹਾਂ ਦੇ ਸੀਨੇ ਦੇ ਪਾਰ ਹੋ ਗਿਆ ਸੀ। ਖੂਨ 'ਚ ਲਥਪਥ ਨਿਆਂਮੂਰਤੀ ਨੇ ਇਕ ਹਿਚਕੀ ਲਈ ਸੀ ਅਤੇ ਮਾਂ ਤੋਂ ਮਾਫ਼ੀ ਮੰਗਣ ਉਥੇ ਹੀ ਪਹੁੰਚ ਗਏ ਸੀ, ਜਿਥੇ ਮਾਂ ਇਕ ਰਾਤ ਪਹਿਲਾਂ ਜਾ ਚੁੱਕੀ ਸੀ। ਏਨਾ ਸਭ ਕੁਝ ਹੀ ਪਲਾਂ 'ਚ ਹੋ ਗਿਆ ਸੀ ਅਤੇ ਜਦੋਂ ਤਕ ਕੋਈ ਅੰਦਰ ਪਹੁੰਚੇ, ਮੈਂ ਉਸ ਮੱਕਾਰ ਦੇ ਖੂਨ ਦਾ ਤਿਲਕ ਮਾਂ ਦੀ ਅੰਤਿਮ ਇੱਛਾ ਦੇ ਅਨੁਸਾਰ, ਆਪਣੇ ਮੱਥੇ ਤੇ ਲਾ ਚੁੱਕਿਆ ਸਾਂ।

ਇਸ ਮਗਰੋਂ, ਜੋ ਕੁਝ ਹੋਇਆ, ਤੁਸੀਂ ਉਸਦੀ ਕਲਪਨਾ ਕਰ ਸਕਦੇ ਹੋ। ਤਹੱਲਕਾ ਮੱਚਿਆ ਪੂਰੇ ਦੇਸ਼ 'ਚ। ਨਕਸਲਵਾਦ ਦੇ ਬੀਜ 'ਬਸਤਰ' 'ਚ ਲਿਆਉਣ ਦਾ ਇਲਜ਼ਾਮ ਮੇਰੇ ਤੇ ਲੱਗਾ। ਤੁਹਾਨੂੰ ਸੱਚ ਕਹਿੰਦਾ ਹਾਂ, ਨਕਸਲਵਾਦ ਕੀ ਹੈ, ਮੈਨੂੰ ਨਹੀਂ ਪਤਾ। ਮੈਂ ਤਾਂ ਬੱਸ ਏਨਾ ਜਾਣਦਾ ਹਾਂ ਕਿ ਮੇਰੇ ਭਰਾਵਾਂ ਨੂੰ ਦੋ ਡੰਗ ਰੋਟੀ ਮਿਲੇ, ਉਨ੍ਹਾਂ ਦਾ ਤਨ ਢਕਿਆ ਜਾਵੇ, ਅਤੇ ਸਿਰ ਛੁਪਾਉਣ ਨੂੰ ਉਨ੍ਹਾਂ ਕੋਲ ਝੌਂਪੜੀ ਹੋਵੇ। ਮੇਰੀਆਂ ਭੈਣਾਂ ਨੂੰ ਕੋਈ ਇੰਜ ਨਾ ਠੱਗੇ, ਜਿਵੇਂ ਮਾਂ ਨੂੰ ਠੱਗਿਆ ਗਿਆ। ਜੇ ਇਹੀ ਨਕਸਲਵਾਦ ਹੋ ਤਾਂ ਮੈਨੂੰ ਨਕਸਲਵਾਦੀ ਕਹਾਉਣੇ 'ਚ ਫ਼ਖ਼ਰ ਹੈ। ਸਾਲਾਂ ਬੱਧੀ ਮੇਰੇ ਤੇ ਮੁਕੱਦਮਾ ਚਲਿਆ। ਜੇਹਲ 'ਚ ਮੈਨੂੰ ਕੀ ਕੀ ਤਕਲੀਫਾਂ ਦਿਤੀਆਂ ਗਈਆਂ, ਕੀ ਦੱਸਾਂ, ਅਤੇ ਅੰਤ ਵਿਚ ਫਾਂਸੀ ਦੀ ਸਜਾ ਸੁਣਾਈ ਗਈ। ਮੈਂ ਆਪਣਾ ਗੁਨਾਹ ਸ਼ੁਰੂ 'ਚ ਹੀ ਸਵੀਕਾਰ ਕਰ ਚੁੱਕਾ ਸੀ। ਤੁਹਾਡੇ ਸਾਹਮਣੇ ਵੀ ਮੰਨਦਾ ਹਾਂ। ਨਿਸਚਿਤ ਰੂਪ 'ਚ ਮੈਂ ਗੁਨਾਹਗਾਰ ਹਾਂ, ਕਾਨੂੰਨ ਮੈਂ ਹੱਥ 'ਚ ਲਿਆ। ਇਕ ਇਕ ਕਸੂਰਵਾਰ ਦੀ ਹੱਤਿਆ ਕੀਤੀ, ਪਰ ਏਸਦਾ ਮੈਨੂੰ ਬਿਲਕੁਲ ਅਫਸੋਸ ਨਹੀਂ ਹੈ।

ਦੂਰ ਜੇਹਲ ਦੀ ਘੜੀ ਨੇ ਚਾਰ ਵਜਾ ਦਿਤੇ ਹਨ। ਸੋਮਾ ਜਾਗ ਪਈ ਹੈ। ਉਹਦੀ ਚੀਂ-ਚੀਂ ਨਾਲ ਨਾਲ ਕੋਠੜੀ ਗੂੰਜ ਰਹੀ ਹੈ, ਪਰ ਪਤਾ ਨਹੀਂ ਕਿਉਂ ਉਸਦੇ ਸ਼ੋਰ 'ਚ ਮੈਨੂੰ ਵਿਰਲਾਪ ਸੁਣਾਈ ਦੇ ਰਿਹਾ ਹੈ। ਦੂਰ ਬੂਟਾਂ ਦੀ ਆਵਾਜ਼ ਆਉਣ ਲੱਗੀ ਹੈ। ਸ਼ਾਇਦ ਜਲਾਦ ਆਉਂਦਾ ਹੋਵੇਗਾ। ਹੁਣ ਮੈਂ ਤੁਹਾਥੋਂ ਵਿਦਾ ਹੁੰਦਾ ਹਾਂ। ਚੰਗਾ ਸੋਮਾ, ਮੇਰੀ ਮਾਂ, ਮੇਰੀ ਦੋਸਤ, ਅਲਵਿਦਾ। ਮੇਰੇ ਦੇਸ਼ਵਾਸੀਓ ਅਲਵਿਦਾ। ○

# ਤਿੰਨ ਕਵਿਤਾਵਾਂ

## ਇਹ ਲੋਕ, ਉਹ ਲੋਕ

ਸੁਖਦੇਵ ਸਿੱਧੂ ਬੈਡਫੋਰਡ (ਯੂ. ਕੇ.)

ਜਦੋਂ
ਗੰਗਾ ਮਾਂ ਕਰੋਪ ਹੋਈ
ਨਿਤਾਣੇ ਲੋਕਾਂ ਤੇ
ਉਨ੍ਹਾਂ ਨੂੰ ਚੁਕ ਲਿਆ ਛੱਤਾਂ ਨੇ
ਭੁੱਖ ਨਚਦੀ ਸੀ ਉਨ੍ਹਾਂ ਦੇ ਵਿਹੜੇ।
ਇਹ ਵਿਚਾਰੇ
ਪੇਟ 'ਚ ਮੁੱਕੇ ਤੁੰਨ ਰਹੇ ਸਨ
ਉਹ ਲੋਕ ਕਾਰਾਂ 'ਚ ਪਿਕਨਿਕ
ਮਨਾਉਣ ਆਉਂਦੇ
ਜਿਨ੍ਹਾਂ ਦਾ ਅਖਬਾਰਾਂ 'ਚ ਐਲਾਨ ਹੁੰਦਾ
"ਹੜ-ਪੀੜਤਾਂ ਲਈ ਦਾਨ ਦਿਉ"
ਇਨਾਂ ਦੀ ਮਦਦ ਕਰੋ।
ਉਨ੍ਹਾਂ ਨੇ ਸਿਰਫ ਲੇਬਲ ਲਾਏ ਸਨ
ਸਮਾਜਵਾਦ ਦੇ ਲੋਕਵਾਦ ਦੇ
ਦਿਲ ਉਹੀ—
ਲੁਟ-ਘਸੁਟ ਦਾ ਵਿਸ਼ਵਾਸ ਪਾਤਰ
ਧੰਨਵਾਦ, ਗੋਗੜਵਾਦ ਦਾ ਹਾਮੀ
ਮੇਰੇ ਦੋਸਤੋ!
ਆਤਮਾ ਵਲੂੰਧਰੀ ਗਈ ਹੈ
ਜਦੋਂ ਸੁਣਿਐ—
ਕਿ ਛੱਤਾਂ ਆਪਣੇ ਰਿਫੂਜੀਆਂ ਦੀ
ਰੋਟੀ ਲਈ ਵਿਲਕਦੀਆਂ ਸਨ?
ਭੁੱਖ ਜੀਭ ਖਿੱਚ ਰਹੀ ਸੀ
ਜਿਸਮਾਂ ਤੋਂ ਲੀਰਾਂ ਖੁਦ ਹੀ ਲਹਿ ਗਈਆਂ

ਪਰ ਅਫਸੋਸ?
ਅਸ਼ੋਕਾ ਹੋਟਲ ਵਿਚ
ਤਬਲੇ ਦੀ ਤਾਨ ਉਸੇ ਚਾਲ ਚਲਦੀ ਰਹੀ
ਵਿਦੇਸ਼ੀ ਯਾਤਰੂਆਂ ਲਈ
ਭਾਰਤੀ ਸੁੰਦਰੀਆਂ
ਅਰਧ-ਨੰਗੇ ਜਿਸਮਾਂ ਨਾਲ
ਤਬਲੇ, ਮੈਂਡੋਲੀਨ, ਅਕੋਡੀਅਨ
ਦੀਆਂ ਤਾਨਾਂ—

ਤੇ ਜਿਸਮ ਲਚਕ ਨਾਲ
ਯਾਤਰਾਂ ਵਿਭਾਗ ਦਾ
ਦਿਲ ਬਹਿਲਾਉਂਦੀਆਂ ਰਹੀਆਂ ?
ਉਹ ਲੋਕ
ਜੋ ਵੋਟਾਂ ਵੇਲੇ ਭੀਖ ਮੰਗਦੇ ਸਨ
ਬਗਲੀਆਂ ਪਾ ਕੇ
ਸਿਰਫ ਤਾਮਨ ਸੀ
ਉਨ੍ਹਾਂ ਕੋਲ ਦੇਣ ਲਈ
ਜਾਂ ਅਰਧ-ਨੰਗੀ ਨਾਚੀ।
ਉਨ੍ਹਾਂ ਦੇ ਬੰਗਲਿਆਂ ਤੱਕ ਜਾਣੋਂ
ਗੰਗਾ ਵੀ ਡਰਦੀਆਂ
ਇਹ ਲੋਕ ਭੁੱਖ ਨਾਲ
ਰੱਜ ਰਹੇ ਸਨ
ਉਹ ਲੋਕ ਘੋੜੇ ਵੇਚ ਕੇ ਸੌਂ ਜਾਂਦੇ
ਫਰਕ ਸਿਰਫ ਇੰਨਾ ਹੈ
ਇਨ੍ਹਾਂ ਲੋਕਾਂ ਵਿਚ ਤੇ
ਉਨ੍ਹਾਂ ਲੋਕਾਂ ਵਿਚ

(1978 ਦੇ ਹੜਾਂ ਬਾਰੇ ਦਿੱਲੀ ਦੀ)

o

## ਮਾਂ ਨੂੰ

ਮਾਂ
ਤੇਰੀਆਂ ਅੱਖਾਂ ਦਾ ਨੀਰ
ਬਾਹਰ ਨਿਕਲ ਬੋਲਿਆ ਸੀ ਨਾ
ਜਾਹ ਪੁਤ, ਪੇਟ ਖਾਤਰ
ਸਿਰਫ ਚਾਰ ਉਂਗਲਾਂ ਪੇਟ ਖਾਤਰ
ਖ਼ੁਦਾ ਤੈਨੂੰ ਲੱਖਾਂ ਰਹਿਮਤਾਂ ਬਖਸ਼ੇ।
ਮੈਂ ਉਦੋਂ ਇੱਕੀ ਵਰ੍ਹਿਆਂ ਦਾ ਨਹੀਂ ਸਾਂ
ਇਕ ਸਾਤਿਆ ਨਾਲ ਹੋ ਗਿਆ ਸੀ ਮੇਰਾ ਤਬਾਦਲਾ
ਜਿਵੇਂ ਦੁੱਧ ਚੁੰਘਦਾ ਲਾਹ ਲਿਆ ਹੋਵੇ
ਕਿਸੇ ਨੇ ਤੇਰੀ ਛਾਤੀ ਨਾਲੋਂ ?
ਤੇ ਕਿਹਾ ਹੋਵੇ—
ਇਹਦੇ ਪੰਜ ਸਾਤੇ ਮੇਰੇ ਵੰਡੇ ਵੀ ਆਉਂਦੇ ਹਨ
ਤੂੰ ਬੇ-ਵਸ ਅਖਨੀਰ ਰੋਕਣ ਦੀ
ਨਾਕਾਮ ਕੋਸ਼ਿਸ਼ ਕਰਦੀ ਰਹੀ
ਕਦੀ ਅੱਖਾਂ ਮੀਟੇਂ
ਕਦੀ ਮੂੰਹ ਪਰਤਾ ਲਵੇਂ
ਤੇ ਫਿਰ
ਉਹ ਪੰਜ ਸਾਤੇ
ਪੰਜ ਸਾਲਾਂ 'ਚ ਵੱਟ ਗਏ
ਉਹਦੇ ਵੰਡੇ ਦੇ ਵਰਤਾ ਕੇ
ਪਰਤਾਂਗਾਂ ਜਦੋਂ
ਤਾਂ ਤੇਰੀਆਂ ਅੱਖਾਂ ਫਿਰ ਸੌਣ ਭਾਦੋਂ
ਦੀ ਝੜੀ ਲਾਉਣਗੀਆਂ
ਪਰ ਤੇਰੀ ਛਾਤੀ ਚੋਂ ਦੁਧ ਸ਼ਾਇਦ ਹੀ ਨਿਕਲੇ
ਕਿਉਂਕਿ ਮੈਂ ਪੂਰਨ ਨਹੀਂ ਹਾਂ
ਜਿਹਨੇ ਫਿਰ ਕੋਈ ਬਾਗ ਹਰਾ ਕਰਨੈ
ਮੈਂ ਤਾਂ ਹਰ ਪਾਪੜ ਵੇਲਾਂਗਾ
ਚਾਰ ਉਂਗਲਾਂ ਪੇਟ ਖਾਤਰ
ਹਾਂ ਸੱਚ
ਯਾਰਾਂ ਨੇ ਸੋਲਾਂ ਸਾਲਾਂ ਨੂੰ
ਲੋਕਾਂ ਦੇਖਿਆ ਹੋਏਗਾ
ਤੇ ਹੱਥ ਐਂਵੇਂ ਦਾ ਲੇਬਲ ਹੋਏਗਾ
ਕੰਮ ਦਿਵਾਊ-ਮਹਿਕਮੇ ਚੋਂ ਗੇੜੇ ਮਾਰ ਮਾਰ
ਕੋਲ ਤਾਰ ਦੀਆਂ ਬਣੀਆਂ ਸੜਕਾਂ
ਤੇ ਜੁਤੀ ਦੇ ਤਲਿਆਂ ਦੀ ਰਿਸ਼ਤੇਦਾਰੀ
ਪਤਲੀ ਪੈ ਗਈ ਹੋਏਗੀ
ਤੇ ਹੱਥ ਹਲ ਦੀ ਕਿੱਲੀ ਤੇ
ਹੋਏਗਾ
ਅਲਵਿਦਾ

o

## ਸਵਾਲ

ਭਗਤ ਸਿੰਘ ਵਾਰਸੋ
ਕਿਉਂ ਹੋ ਗਿਆ ਹੈ
ਤੁਹਾਡਾ ਖ਼ੂਨ ਸਰਦ ?
ਕਿਉਂ ਹੋ ਗਿਆ ਹੈ
ਤੁਹਾਡੀਆਂ ਅੱਖਾਂ ਨੂੰ
ਬੇ-ਸ਼ਰਮੀ ਦਾ ਅੰਧਰਾਤਾ ?
ਤੋੜਦੇ ਕਿਉਂ ਨਹੀਂ
ਹੱਥਾਂ ਚੋਂ ਮਜ਼ਬੂਰੀਆਂ ਦੀ ਬੇੜੀ ?
ਕਿਵੇਂ ਜ਼ਰਦੇ ਹੋ ?
ਆਪਣੀ ਹੀ ਹਿੱਕ ਤੋਂ ਲੰਘਦਾ ਮੌਨ।
ਕਿਵੇਂ ਖਾਂਦੇ ਹੋ ?
ਇਹਨਾਂ ਹੱਥਾਂ ਨਾਲ
ਬੇਸ਼ਰਮੀ ਦੀ ਗਰਾਹੀ।
ਤੁਹਾਡੇ ਕਿਵੇਂ ਸੁਣਦੇ ਰਹੇ—?
ਪ੍ਰੀਤਮ ਕੌਰ ਦੇ ਗੁਪਤ ਅੰਗ 'ਚ
ਬਾਈ ਇਚ ਡੰਡੇ ਦਾ ਅਲਾਪ।

ਅੱਖਾਂ ਵਿਚ ਸਿੱਕਾ ਕਿਉਂ ਨਹੀਂ ਪਿਘਲਿਆ
ਬਾਰ ਬਾਰ ਇਹ ਸੁਰਖੀਆਂ ਪੜ੍ਹਦਿਆਂ
ਗੋਬਿੰਦ ਦੇ ਲਾਡਲਿਓ
ਕਿਸ ਦੀ ਉਡੀਕ ਵਿਚ
ਇਹ ਸਭ ਕੁਝ ਸਹਿਨ ਹੁੰਦਾ ਹੈ।
ਕਿਧਰ ਗਿਆ ਹੈ
ਤੁਹਾਡੇ ਖ਼ੂਨ 'ਚ ਬੀਜਿਆਂ
ਗ਼ੈਰਤ ਦਾ ਬੀਜ਼
ਕਦੋਂ ਤੱਕ ਹੁੰਦਾ ਰਹੇਗਾ ?
ਖੇਤਾਂ 'ਚ ਆਲੂ ਬੀਜਦੀ ਕੁੜੀ ਦਾ ਚੀਰ ਹਰਨ ?
ਕਿੰਨਾ ਕੁ ਚਿਰ ?
ਹੱਕ ਮੰਗਦੇ ਲੋਕ ਤੇ ਉਨ੍ਹਾਂ ਦੇ ਘਰ-ਅੱਗ ਦੀ ਭੇਟ।
ਤੁਸੀਂ ਭਗਤ ਸਿੰਘ ਦੀ ਰੂਹ ਅੱਗੇ
ਕਿਵੇਂ ਜਵਾਬ-ਦੇਹ ਹੋ।

o

# ਮੋਹ ਦੇ ਅੱਥਰੂ

## ਧਰਮ ਕਮੇਆਣਾ

ਮੇਰੇ ਪਿੰਡ ! ਤੈਨੂੰ ਕਹਾਂ ਤਾਂ ਕੀ ਕਹਾਂ ?
ਉਂਜ ਗਿਲੇ ਬਹੁਤ ਨੇ ਤੇਰੇ 'ਤੇ

ਮੇਰਾ ਬੋਲਿਆਂ ਦੀ ਗੁੱਡੀ ਨੂੰ ਬਲਾਉਣਾ—
ਤਾਂ ਚੁੱਭਦਾ ਹੈ ਤੈਨੂੰ ਸੂਲ ਵਾਂਗ,
ਪਰ ਹਰ ਰਾਤ
ਮਜ਼੍ਹਬੀਆਂ ਦੀ ਕਿਸੇ ਨਵੀਂ ਕੁੜੀ ਦਾ
ਸਤ ਭੰਗ ਕਰਨ ਵਾਲੇ –
ਜੰਗੀਰੇ ਨੂੰ, ਤੂੰ ਪਿੰਡ ਦੀ ਸਰਪੰਚੀ ਬਖ਼ਸ਼ੀ ਹੋਈ ਹੈ

ਭੋਲਿਆ ! ਤੈਨੂੰ ਤਾਂ ਆਂਵਦੇ
ਗੱਭਰੂ ਪੁੱਤਾਂ ਦਾ ਵੀ ਖਿਆਲ ਨਹੀਂ,
ਜਿਨ੍ਹਾਂ ਦੀ ਮੋਢਿਆਂ ਤੋਂ ਦੀ ਥੁੱਕਣ ਵਾਲੀ ਉਮਰ—
ਖਾ ਲਈ ਹੈ ਚੰਦਰੇ ਝੋਰਿਆਂ ਨੇ
ਤੇ ਜਿਹੜੇ ਧੁੰਦਲੇ ਭਵਿੱਖ ਤੋਂ ਘਬਰਾਕੇ –
ਨਸ਼ਿਆਂ ਦੇ ਗਲ ਲੱਗ ਗਏ ਨੇ
ਤੇ ਨਾ ਹੀ ਕਦੀ ਚੇਤਾ ਆਇਆ ਹੈ ਤੈਨੂੰ—
ਉਹਨਾਂ ਦੂਲੇ-ਕਿਸਾਨਾਂ ਦਾ,
ਜਿਨ੍ਹਾਂ ਦੇ ਬਲਦਾਂ ਦੀਆਂ ਟੱਲੀਆਂ—
ਕਦੀ ਤੇਰੇ ਰਾਹਾਂ 'ਚ ਸਰਗਮ ਛੇੜਦੀਆਂ ਸਨ,
ਪਰ ਅੱਜ ਬੇ-ਜ਼ਮੀਨੇ ਹੋਕੇ ਕਾਰਖਾਨਿਆਂ 'ਚ ਰੁਲ ਰਹੇ ਨੇ

ਜਦੋਂ ਵੋਟਾਂ ਦੀ ਰੁੱਤ ਆਉਂਦੀ ਹੈ
ਤਾਂ ਸਜ ਜਾਂਦਾ ਹੈਂ ਤੂੰ, ਰੰਗ ਬਰੰਗੀਆਂ ਝੰਡੀਆਂ ਨਾਲ
(ਤੇ ਛਲ ਲੈਂਦੇ ਨੇ ਤੈਨੂੰ ਨੇਤਾਵਾਂ ਦੇ ਭਾਸ਼ਣ)
ਇਹ ਗੱਲ ਤੂੰ ਪਤਾ ਨਹੀਂ ਕਦੋਂ ਸਮਝੇਂਗਾ,
ਕਿ ਦਿੱਲੀ-ਦਰਬਾਰ
ਤੇਰੇ ਖੇਤਾਂ ਦਾਂ ਰੰਗ ਚੋਰੀ ਕਰਦਾ ਹੈ ?

ਪਿੰਡ ਮੇਰਿਆ !
ਹਨੇਰੀਆਂ ਰਾਤਾਂ ਵਿੱਚ, ਸੈਂਕੜੇ ਹੀ ਗੀਤ,
ਤੇਰੀਆਂ ਬੀਹਾਂ ਵਿੱਚ ਦੀ ਲਲਕਾਰੇ ਮਾਰਦੇ ਲੰਘੇ ਨੇ,
"ਚਿਰਾਂ ਦੇ ਸੁੱਤਿਓ। ਆਓ ਸੂਰਜ ਫੜ੍ਹਣ ਚਲੀਏ"
ਪਰ ਤੂੰ ਮੋਨ-ਧਾਰੀ ਸਾਧੂ ਵਾਂਗ ਚੁੱਪ ਨਹੀਂ ਤੋੜੀ
ਤੇ ਗੀਤ—ਜੋ ਤੇਥੋਂ ਹੁੰਗਾਰੇ ਦੀ ਮੰਗ ਕਰਦੇ ਸਨ,
ਹਾਕਮਾਂ ਨੇ ਸੂਲੀ 'ਤੇ ਲਟਕਾ ਦਿੱਤੇ
ਤੂੰ ਸਿਰ ਨਾਲ ਸਿਰਾਂ ਜੋੜਕੇ ਦੰਦ-ਕਥਾ ਤਾਂ ਕੀਤੀ—
ਪਰ ਹੋਰ ਕੁੱਝ ਨਾ ਕਰ ਸਕਿਆ
ਭੈੜਿਆ। ਉਹ ਕੋਈ ਚੋਰ ਡਾਕੂ ਤਾਂ ਨਹੀਂ ਸਨ,
ਆਖਿਰ ਤੇਰਾ ਭਲਾ ਹੀ ਤਾਂ ਚਾਹੁੰਦੇ ਸਨ ਉਹ

o

# ਸੁਗੜ ਰਹੀਆਂ ਪੁਸਤਕਾਂ ਦਾ ਵਿਸ਼ਵ-ਵਿਦਿਆਲਾ

(ਯੂਨੀਵਰਸਿਟੀ ਅਧਿਕਾਰੀਆਂ ਤੋਂ ਖਿਮਾ ਸਹਿਤ)

**ਜਸਬੀਰ ਸਿੰਘ ਸਰੋਨਾ**

ਚਿਰਾਂ ਤੋਂ ਵਿਦਿਆ ਦੀ ਆਂਧੀ ਹੇਠ
ਜੀ. ਟੀ. ਰੋਡ ਦੇ ਸਬੰਧ
ਜਿਥੋਂ ਲਾਹੌਰ ਦੀਆਂ ਰੋਸ਼ਨੀਆਂ
ਟਿਮਟਿਮਾਦਿਆਂ ਦਿਸਦੀਆਂ ਹਨ
ਵਿਸ਼ਰਾਮ ਕਰਦਾ ਵਿੱਸ਼ਵ-ਵਿਦਿਆਲਾ ਹੈ
ਹੌਲੇ ਹੌਲੇ ਬੁੱਢਾ ਹੋ ਰਿਹਾ
ਅਖੌਤੀ ਵਿਦਵਾਨਾਂ ਦੇ ਬੁੱਢੇ ਜਿਹਨਾਂ ਵਾਂਗ
ਵਕਤ ਨੇ ਸਦਾ ਜੰਮੀਆਂ ਕੱਚ ਦੀਆਂ ਕਿਰਚਾਂ
ਲਾਇਬਰੇਰੀ ਦੇ ਚੰਦਰੇ ਮਾਹੌਲ ਅਦਰ
ਬੌਧਿਕਤਾ ਦੇ ਢੰਡੋਰੇ ਪਿੱਟਦਿਆਂ
ਪਰ ਵਿਦਿਆ ਦੀ ਚਿੱਟੀ ਚਾਦਰ ਤੇ
ਸਦਾ ਸਿਆਸਤ ਦੇ ਮਖੌਟੇ ਨਚੇ
ਚੰਗੀ ਤਰ੍ਹਾਂ ਭਾਸਣ ਲਗ ਪਇਆ ਸੀ ਡਰ ਏਹ
ਲਹਿਰ ਦੀ ਦਹਿਲੀਜ਼ ਤੇ
ਮਰ ਨਾ ਜਾਏ ਸਿੱਧੀ ਕੱਟੇ ਵਾਂਗ
ਆਪਣੀ ਵਾੜ ਲੱਭਦੇ ਲੱਭਦੇ
ਜਾਂ ਅਗਨੀ ਆਪਣੀ ਵਿਚ ਸੜ ਨਾ ਜਾਏ
ਬਣ ਕੱਕਨੂਸ ਸਮੇਂ ਦਾ
ਕੁਝ "ਹਾਸਲ ਕਰਨ" ਦਾ ਸ਼ਬਦ
ਆਲੇ ਦੁਆਲੇ ਘੁੰਮਦਾ ਰਿਹਾ
ਪਰ ਅਵਿਸ਼ਵਾਸ ਦੀ ਬੂ ਖਿੰਡਾਂਦੀ ਲਾਸ਼
ਮੋਢਿਆਂ ਨੂੰ ਦਬੋਚਦੀ ਰਹੀ
ਫਿਰ ਸਹਿਮੇਂ ਸਹਿਮੇਂ ਹੱਥ ਉਠੇ
ਸ਼ਬਦਾਂ ਤੋਂ ਅਰਥਾਂ ਤਕ ਜਾਣ ਲਈ
ਪਰ ਮੁੱਖੀਆਂ ਦੀਆਂ ਪਾਸਕੂ ਐਨਕਾਂ
ਸਦਾ ਸਾਡੇ ਹੱਥਾਂ ਤੇ ਖੰਜਰ ਬਣ ਡਿਗੀਆਂ
ਜ਼ਿੰਦਗੀ ਦਾ ਫਾਲਤੂ ਸਰਨਾਵਾਂ
ਗਵਾਚ ਕੇ ਵਾਪਸ ਮੁੜੀਆਂ
ਇੰਝ ਹਾਦਸਿਆਂ ਦੀ ਫੌਲਾਦੀ ਬੱਘੀ
ਸਪਤ ਰਿਸ਼ੀ ਹੇਠ ਚਲਦੀ ਰਹੀ
ਹੱਸਦੀ ਰਹੀ
ਜਿਥੇ ਫੌਲਾਦੀ ਰੁਖਾਂ ਵਰਗਾ ਜੇਰਾ ਪਲਦਾ ਹੈ
ਉਥੇ ਜ਼ਹਿਰੀਲਿਆਂ ਗੈਸਾਂ ਕਿਮਿਸਟਰੀ ਵਿਭਾਗ ਦੀਆਂ
ਬੇਸੂਰਤ ਚੇਹਰੇ ਲੈ ਕੇ
ਮਨਜ਼ੂਰ-ਸ਼ੁਦਾ ਆਵਾਜ਼ਾਂ ਨੂੰ ਫੈਜ਼ਿਕਸ ਵਿਭਾਗ ਵਿਚ
ਮਾਪਿਆ ਜਾਂਦਾ ਹੈ
ਜਿਥੇ ਏਹ ਵਸਦੀਆਂ ਹਨ
ਏਨਾਂ ਦੁਆਲੇ ਹਿਫ਼ਾਜ਼ਤ-ਗਾਹਾਂ ਹਨ।
ਦੁਬਾਰਾ ਜਦੋਂ ਸੰਗੜ ਰਹੀਆਂ ਪੁਸਤਕਾਂ ਬਾਰੇ
ਹੌਲੇ ਹੌਲੇ ਬੁੱਢੇ ਹੋ ਰਹੇ ਜਹਿਨਾਂ ਬਾਰੇ
"ਖਿਮਾਂ ਸਹਿਤ" ਕਹਿਕੇ ਪੁਛਣ ਦਾ ਯਤਨ ਕੀਤਾ ਗਿਆ
ਕਾਲ ਕੋਠੜੀਆਂ ਤੋਂ ਲੈਕੇ ਇੰਨਟੇਰੋਗੇਸ਼ਨ ਸੰਟੇਰਾਂ ਤਕ
ਪੁੱਠੀ ਕਿਰਿਆ ਦੀ ਅਦਾਲਤ ਵਿਚ
ਇਲਮ ਦੇ ਅਰਥ-ਵਾਕ ਦਸੋਗੇ।
ਸਿਰਫ਼ ਟੁਟੇ ਸ਼ੀਸ਼ਿਆਂ ਮਗਰ ਕੁਝ ਨਜ਼ਮਾਂ ਸਨ
ਜੋ ਇਖ਼ਲਾਕ ਦੀ ਸਰਕਲ ਤੇ ਹੋਈਆਂ ਕੁਰਬਾਨ
ਇੰਝ ਤੀਸਰੀ ਅੱਖ
ਵਰ੍ਹਿਆਂ ਤੋਂ ਸ਼ੀਸ਼ੇ ਰਹਿਤ ਰਹੀ।
"ਵਿਸ਼ਵ-ਵਿਦਿਆਲੇ ਸੁਨਹਿਰੀ ਭਵਿੱਖ ਹਨ"
ਉਪ-ਕੁਲਪਤੀ ਦਾ ਫ਼ਰਮਾਨ ਹੈ
ਪਰ "ਵਿਸ਼ਵ ਵਿਦਿਆਲਾ" ਸ਼ਬਦ ਹੱਥਾਂ ਵਿਚੋਂ
ਕਿਰਦੀ ਹੋਈ ਰੇਤ ਬਣ ਕੇ ਆਇਆ
(ਜੇ ਤੁਹਾਨੂੰ ਭਲੇਖਾ ਨਾ ਹੋਵੇ)
ਕਿੰਨਾ ਚਿਰ ਇਹ ਕੁਝ ਹੁੰਦਾ ਰਿਹਾ
ਸ਼ੈਲਫ਼ਾ ਵਿਚੋਂ ਵਿਕਟਰ ਹਿਊਗਰੋ ਦੇ ਸ਼ਬਦ ਉਠੇ
ਕਦੇ ਕ੍ਰਿਸ਼ਨ ਚੰਦਰ ਦੇ ਖੇਤ ਜਾਗ
ਚੰਡੀ ਬਣ ਕਲਮ ਗਰਜੀ ਕਦੇ ਗੋਬਿੰਦ ਸਿੰਘ ਦੀ
ਸਿਰਫ਼ ਕੁਝ ਅਰਥਹੀਣ ਬਾਣੀਦੇ ਸ਼ਬਦ ਸਨ
ਜੋ ਹੁੰਦੇ ਰਹੇ ਗੁਬਤਵਾਸ
ਇੰਝ ਵਿਸ਼ਵ-ਵਿਦਿਆਲਿਆਂ ਵਿਚ
ਕਿਤਾਬਾਂ ਹੱਥਾਂ ਦੇ ਮੋਹ ਮਿਲਣ ਰਹਿਤ ਰਹੀਆਂ
ਹੌਲੇ ਹੌਲੇ ਬਲਵਾਨ ਸ਼ਬਦ ਜਾਗੇ
ਇਸ਼ਾਰਿਆਂ ਦੇ ਚੇਹਰੇ ਆਏ
ਫੜ ਉਂਗਲਾਂ ਲੈਗੇ ਦੂਰ
ਜਿਥੇ ਲਾਠੀਆਂ ਤੇ ਘੋੜਿਆਂ ਦੀ ਟਾਪਾਂ ਹੇਠ
ਵਰ੍ਹਿਆਂ ਤੋਂ ਲਤਾੜੀਆਂ ਕਿਤਾਬਾਂ ਬਾਰੇ
ਸੋਚਣ ਦਾ ਯਤਨ ਕੀਤਾ ਗਿਆ
ਮਰਦੇ-ਕਾਮਲ ਦੇ ਆਣ ਤਕ...?

o

# ਸਿਹਤ ਸਮੱਸਿਆਵਾਂ ਦੀ ਸਮਝ

## ਡਾਕਟਰ ਅਮਰ ਸਿੰਘ ਆਜ਼ਾਦ

ਪਟਿਆਲਾ ਵਿਚ ਲਗਪਗ 30 ਡਾਕਟਰਾਂ ਤੇ ਹੋਰ ਸਿਹਤ ਕਾਮਿਆਂ ਨੇ ਰਲਕੇ ਇਕ ਗਰੁਪ ਬਣਾਇਆ ਹੈ ਜਿਸਦਾ ਨਾਂ 'ਪੀਪਲਜ਼ ਹੈਲਥ ਗਰੁਪ' ਹੈ ਅਤੇ ਜਿਸਦੇ ਕਨਵੀਨਰ ਡਾ: ਪ੍ਰੇਮ ਖੋਸਲਾ ਹਨ। ਇਸ ਗਰੂਪ ਦੀ ਸੋਚ ਹੈ ਕਿ ਸਾਡੇ ਦੇਸ਼ ਦੀ ਲੋਕਾਂ ਦੀ ਬੇਹੱਦ ਭੈੜੀ ਸਿਹਤ ਦਾ ਵੱਡਾ ਕਾਰਨ ਸਾਡਾ ਨਾਕਸ ਸਮਾਜਕ ਸਿਸਟਮ ਹੈ। ਲੋਕਾਂ ਦੀ ਸਿਹਤ ਨੂੰ ਚੰਗਾ ਬਨਾਉਣ ਲਈ ਸਰਕਾਰ ਜੋ ਵੀ ਕਹਿੰਦੇ ਕਹਿਲੰਦੇ ਕੱਦਮ ਚੁੱਕਦੀ ਹੈ, ਉਹ ਸਭ ਅੱਖਾਂ ਪੂੰਝਣ ਵਾਲੀ ਗਲ ਹੈ। ਪੀਪਲਜ਼ ਹੈਲਥ ਗਰੁਪ ਸਮਝਦਾ ਹੈ ਕਿ ਸਿਹਤ ਸਮੱਸਿਆਵਾਂ ਤੇ ਉਹਨਾਂ ਦਾ ਹਲ ਬਿਮਾਰੀਆਂ ਦੇ ਇਲਾਜ ਤੱਕ ਹੀ ਸੀਮਤ ਨਹੀਂ। ਇਹ ਬੜੀ ਡੂੰਘੀ ਤਰ੍ਹਾਂ ਸਮਾਜ ਦੇ ਸਾਰੇ ਪੱਖਾਂ ਜਿਵੇਂ ਕਿ ਆਰਥਕਤਾ, ਰਾਜਨੀਤੀ ਅਤੇ ਸਭਿਆਚਾਰ ਆਦਿ ਨਾਲ ਜੁੜਿਆ ਹੈ। ਇਸ ਕਰਕੇ ਲੋਕਾਂ ਦੀ ਚੰਗੀ ਸਿਹਤ ਲਈ ਇਨ੍ਹਾਂ ਸਾਰੇ ਪੱਖਾਂ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਗਰੂਪ ਦੀ ਇਹ ਕੋਸ਼ਿਸ਼ ਹੈ ਕਿ ਸਿਹਤ ਬਾਰੇ ਸਾਰੇ ਤੱਥ — ਬਿਮਾਰੀਆਂ ਦੇ ਕਾਰਨ, ਉਹਨਾਂ ਦੇ ਹਲ ਵਿਚ ਆਉਂਦੀਆਂ ਔਕੜਾਂ, ਰਾਜ ਕਰਦਾ ਜਮਾਤਾਂ ਦਾ ਨਜ਼ਰੀਆ ਆਦਿਕ ਸਿਹਤ ਸਮੱਸਿਆਵਾਂ ਦੇ ਅਸਲੀ ਕਾਰਨਾਂ ਬਾਰੇ ਜਾਣਕਾਰੀ ਜੇ ਲੋਕਾਂ ਵਿਚ ਜਾਏਗੀ ਤਾਂ ਹੀ ਚੰਗੀ ਸਿਹਤ ਲਈ ਸੰਘਰਸ਼ ਵਿਸ਼ਾਲ ਜਨਤਕ ਲਹਿਰ ਦਾ ਇਕ ਹਿੱਸਾ ਬਣ ਸਕੇਗੀ। ਇਹ ਲੇਖ ਡਾਕਟਰ ਆਜ਼ਾਦ ਵਲੋਂ ਇਸੇ ਕੋਸ਼ਿਸ਼ ਦੀ ਇਕ ਲੜੀ ਹੈ। — ਇਸ ਲੜੀ ਦਾ ਪਹਿਲਾ ਲੇਖ ਫਰਵਰੀ ਸਮਤਾ ਵਿਚ ਦਵਾਈਆਂ ਦੇ ਸਿਰਲੇਖ ਹੇਠਾਂ ਪਹਿਲਾਂ ਹੀ ਦਿਤਾ ਜਾ ਚੁੱਕਾ ਹੈ।

ਸੰਪਾਦਕ

ਸੰਸਾਰ ਸਿਹਤ ਸੰਸਥਾ (world Health Organisation) ਨੇ ਸਿਹਤ ਦੀ ਹੇਠ ਲਿਖੀ ਪਰਿਭਾਸ਼ਾ ਦਿੱਤੀ ਹੈ।

"ਸੰਪੂਰਨ ਤੌਰ ਤੇ ਸਰੀਰਕ, ਮਾਨਸਕ ਤੇ ਸਮਾਜਕ ਸਲਾਮਤੀ ਦੀ ਹਾਲਤ ਦਾ ਹੋਣਾ ਹੀ ਸਿਹਤ ਹੈ; ਕੇਵਲ ਬਿਮਾਰੀ ਦਾ ਨਾ ਹੋਣਾ ਹੀ ਨਹੀਂ।"

ਸੰਸਾਰ ਸਿਹਤ ਸੰਸਥਾ ਦੀ ਪਰਿਭਾਸ਼ਾ ਤੋਂ ਸਾਫ ਹੈ ਕਿ ਸਿਹਤਮੰਦ ਹੋਣ ਲਈ ਸਿਰਫ ਬਿਮਾਰੀ ਦਾ ਨਾ ਹੋਣਾ ਹੀ ਕਾਫ਼ੀ ਨਹੀਂ — ਚੰਗੀ ਸਿਹਤ ਦਾ ਸੰਕਲਪ ਉਸ ਤੋਂ ਬਹੁਤ ਉਚਾ ਹੈ। ਕਿਸੇ ਕੌਮ ਲਈ ਚੰਗੀ ਸਿਹਤ ਦਾ ਉਦੇਸ਼ ਪੂਰਾ ਕਰਨ ਲਈ ਜ਼ਰੂਰੀ ਹੈ ਕਿ ਉਹ ਆਪਣੇ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਨੂੰ ਹਲ ਕਰਨ ਲਈ ਸਿਰਫ ਬੀਮਾਰੀਆਂ ਦੇ ਇਲਾਜ ਦੇ ਸੌੜੇ ਦਾਇਰੇ ਵਿਚ ਹੀ ਨਾ ਰਹੇ। ਇਸ ਲਈ ਬਿਮਾਰੀਆਂ ਨੂੰ ਹੋਣ ਤੋਂ ਰੋਕਣ ਲਈ ਤੇ ਲੋਕਾਂ ਦੀ ਚੰਗੀ ਸਿਹਤ ਦੇ ਉਦੇਸ਼ ਲਈ — ਮਾੜੀ ਸਿਹਤ ਦੇ ਮੂਲ ਕਾਰਨਾਂ ਨੂੰ ਸਮਝਣਾ ਤੇ ਹਲ ਕਰਨਾ ਬੇਹੱਦ ਜ਼ਰੂਰੀ ਹੈ। ਇਹਨਾਂ ਕਾਰਨਾਂ ਨੂੰ ਜਾਨਣ ਦੀ ਉਤਸੁਕਤਾ ਉਨੀ ਹੀ ਪੁਰਾਣੀ ਹੈ ਜਿੰਨੀ ਕਿ ਮਨੁੱਖਤਾ ਖੁਦ। ਇਸ ਲੇਖ ਦਾ ਮੁੱਖ ਮਕਸਦ ਇਨ੍ਹਾਂ ਕਾਰਨਾਂ ਬਾਰੇ ਮਨੁੱਖੀ ਗਿਆਨ ਦੇ ਅੱਡ ਅੱਡ ਪੜਾਵਾਂ ਤੇ ਇਕ ਸਰਸਰੀ ਨਜ਼ਰ ਮਾਰਨਾ ਹੈ।

ਸਿਹਤ ਅਤੇ ਸਿਹਤ ਸਮੱਸਿਆਵਾਂ ਬਾਰੇ ਮਨੁੱਖੀ ਗਿਆਨ ਸਾਂਇੰਸ ਦੀ ਤਰੱਕੀ ਦੇ ਨਾਲ ਨਾਲ ਹੀ ਵਧਿਆ ਫੁਲਿਆ। ਪੁਰਾਤਨ ਸਮਿਆਂ ਵਿਚ ਜਦੋਂ ਮਨੁੱਖ ਨੂੰ ਨੁਕਸਾਨ ਪੁਚਾਣ ਵਾਲੀ ਹਰ ਘਟਨਾ ਨੂੰ ਦੇਵੀ ਦੇਵ-ਤਿਆਂ ਕਾਰਨ ਸਮਝਿਆ ਜਾਂਦਾ ਸੀ — ਮਨੁੱਖੀ ਬੀਮਾ-ਰੀਆਂ ਵੀ ਦੇਵੀ ਕਾਰਨਾਂ ਕਰਕੇ ਹੀ ਸਮਝੀਆਂ ਜਾਂਦੀਆਂ ਸਨ। ਕੁਦਰਤੀ ਤੌਰ ਤੇ ਇਲਾਜ ਜਾਦੂ-ਟੂਣੇ ਜਾਂ ਪੂਜਾ-ਪਾਠ ਤਕ ਹੀ ਸੀਮਤ ਹੁੰਦਾ ਸੀ। ਹੈਰਾਨੀ ਵਾਲੀ ਗੱਲ ਹੈ ਕਿ ਅਜ ਦੇ ਵਿਗਿਆਨਕ ਯੁਗ ਵਿਚ ਵੀ ਇਸ ਪੁਰਾਤਨ ਯੁੱਗ ਦੀ ਕਾਫੀ ਰਹਿੰਦ-ਖੂੰਹਦ ਬਾਕੀ ਹੈ। ਹੁਣ ਵੀ ਬਹੁਤ ਸਾਰੀਆਂ ਬੀਮਾਰੀਆਂ ਨੂੰ ਦੈਵੀ ਕਾਰਨਾਂ ਕਰਕੇ ਸਮਝਿਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਬਹੁਤ ਸਾਰੇ ਲੋਕ ਅਜੇ ਵੀ ਵਡੀ ਮਾਤਾ (Small-pox) ਛੋਟੀ ਮਾਤਾ (Chicken-pox), ਖਸਰਾ (Measles), ਵਾਤ-ਰੋਗ (Hysteria), ਮਾਨਸਿਕ ਰੋਗ ਅਤੇ ਹੋਰ ਬਹੁਤ ਸਾਰੀਆਂ ਬੀਮਾਰੀਆਂ ਨੂੰ ਦੈਵੀ ਕਾਰਨਾਂ ਕਰਕੇ ਸਮਝਦੇ ਹਨ।

ਜਿਵੇਂ ਜਿਵੇਂ ਵਿਗਿਆਨ ਦੀ ਤਰੱਕੀ ਹੋਈ, ਬੀਮਾ-ਰੀਆਂ ਦੇ ਪਦਾਰਥਿਕ ਕਾਰਨਾਂ ਦੀ ਖੋਜ ਹੁੰਦੀ ਗਈ। ਤਿਵੇਂ ਤਿਵੇਂ ਸਿਹਤ ਅਤੇ ਸਿਹਤ ਸਮੱਸਿਆਵਾਂ ਬਾਰੇ ਲੋਕਾਂ ਦਾ ਰਵੱਈਆ ਵਿਗਿਆਨਕ ਬਣਦਾ ਗਿਆ। ਮੋਹਨਜੋਦੜੋ ਅਤੇ ਹੜੱਪਾ ਦੇ ਖੰਡਰਾਂ ਵਿਚ ਮਿਲੇ ਸਬੂਤ ਇਸ ਗੱਲ ਦੇ ਗਵਾਹ ਹਨ ਕਿ ਇਹਨਾਂ ਪੁਰਾਤਨ ਸਭਿਆਤਵਾਂ ਦਾ ਸਿਹਤ-ਸਭਿਆਚਾਰ ਬਹੁਤ ਹੀ ਵਿਗਿਆਨਕ ਤੇ ਸੰਤੁਲਤ ਸੀ। ਉਥੋਂ ਦੇ ਲੋਕਾਂ ਨੂੰ ਬੜੀ ਚੰਗੀ ਤਰ੍ਹਾਂ ਪਤਾ ਸੀ ਕਿ ਸੰਤੁਲਤ ਖੁਰਾਕ, ਸਾਫ ਪਾਣੀ, ਮਲ-ਮੂਤਰ ਦਾ ਯੋਗ ਨਿਕਾਸ, ਸਾਫ ਆਲਾ-ਦੁਆਲਾ ਅਤੇ ਜ਼ਿੰਦਗੀ ਦੇ ਬਹੁਤ ਸਾਰੇ ਹੋਰ ਪਦਾਰਥਕ

ਅੰਸ਼ ਚੰਗੀ ਸਿਹਤ ਲਈ ਕਿੰਨੇ ਮਹੱਤਵ-ਪੂਰਨ ਹਨ ।

ਸਾਡੇ ਦੇਸ਼ ਵਿਚ ਸਿਹਤ ਵਿਗਿਆਨ, ਹਜ਼ਾਰਾਂ ਸਾਲਾਂ ਤੋਂ ਆਯੁਰਵੇਦਾ ਦੀ ਸ਼ਕਲ ਵਿਚ ਵਿਕਸਤ ਹੋਇਆ । ਸਤਵੀਂ ਸਦੀ ਵਿਚ ਤੁਰਕਾਂ ਦੇ ਭਾਰਤ ਵਿਚ ਆਉਣ ਨਾਲ ਯੂਨਾਨੀ ਸਿਸਟਮ ਭਾਰਤ ਵਿਚ ਆਇਆ ਤੇ ਵਿਕ-ਸਤ ਹੋਇਆ । ਅਠਾਰਵੀਂ ਸਦੀ ਵਿਚ ਅੰਗਰੇਜ਼ ਹੋਮੀਓਪੈਥੀ ਲੈ ਆਏ । ਸਿਹਤ ਵਿਗਿਆਨ ਦੇ ਇਹ ਸਿਧਾਤ ਬਿਮਾਰੀ ਨਿਰਧਾਰਤ ਨਾ ਹੋ ਕੇ ਮਨੁਖ ਜਾਂ ਮਨੁਖੀ ਸਿਹਤ ਨਿਰਧਾਰਤ ਸਨ । ਆਯੁਰਵੇਦਾ ਦਾ ਮਤਲਬ ਹੀ ਜ਼ਿੰਦਗੀ ਵਿਗਿਆਨ ਹੈ (ਬਿਮਾਰੀ ਵਿਗਿਆਨ ਨਹੀਂ)—ਅਯੁਰ = ਜ਼ਿੰਦਗੀ, ਵੇਦਾ = ਗਿਆਨ । ਇਸ ਤਰ੍ਹਾਂ ਕੀਟਾਣੂ ਸਿਧਾਂਤ ਜਾਂ ਇਕ-ਕਾਰਨੀ ਸਿਧਾਂਤ ਤੋਂ ਪਹਿਲਾਂ ਸਿਹਤ ਵਿਗਿਆਨ ਦੇ ਇਹ ਸਾਰੇ ਸਿਧਾਂਤ; ਜ਼ਿੰਦਗੀ ਬਾਰੇ, ਮਨੁਖ ਬਾਰੇ ਤੇ ਮਨੁਖੀ ਸਿਹਤ ਬਾਰੇ ਇਕ ਸੰਤੁਲਤ ਦ੍ਰਿਸ਼ਟੀਕੋਣ ਪੇਸ਼ ਕਰਦੇ ਸਨ ।

ਸਤਾਰਵੀਂ ਸਦੀ ਵਿਚ ਖੁਰਦਬੀਨ ਦੀ ਇਜਾਦ ਹੋਣ ਨਾਲ ਬਿਮਾਰੀਆਂ ਦੇ ਕੀਟਾਣੂਆਂ ਨੂੰ ਲਭਣ ਦਾ ਰਾਹ ਖੁਲ੍ਹ ਗਿਆ । ਉਨੀਵੀਂ ਸਦੀ ਦੇ ਪਿਛਲੇ ਅੱਧ ਵਿਚ ਇਕ ਤੋਂ ਬਾਅਦ ਇਕ ਬਹੁਤ ਸਾਰੀਆਂ ਬਿਮਾਰੀਆਂ ਦੇ ਕੀਟਾਣੂਆਂ ਦੀ ਖੋਜ ਹੋ ਗਈ ਤੇ ਇਨ੍ਹਾਂ ਕੀਟਾਣੂਆਂ ਨੂੰ ਬਿਮਾਰੀਆਂ ਦੇ ਏਜੰਟ ਕਿਹਾ ਗਿਆ । ਬਿਮਾਰੀਆਂ ਦੇ ਏਜੰਟਾਂ ਦੀਆਂ ਖੋਜਾਂ ਨੇ ਐਨਾਂ ਉਤਸ਼ਾਹ ਪੈਦਾ ਕਰ ਦਿਤਾ ਕਿ ਬਿਮਾਰੀਆਂ ਦੇ ਹੋਰ ਕਾਰਨ ਇਸ ਉਤਸ਼ਾਹ ਥਲੇ ਗੁਆਚਣ ਲਗ ਪਏ । ਬਿਮਾਰੀਆਂ ਬਾਰੇ ਇਹ ਸਮਝ ਆਮ ਹੋ ਗਈ ਕਿ ਬਿਮਾਰੀ ਦੇ ਏਜੰਟ ਜਾਂ ਕੀਟਾਣੂ ਨੂੰ ਕਿਸੇ ਨਾ ਕਿਸੇ ਤਰ੍ਹਾਂ ਮਾਰ ਦਿਓ ਤੇ ਬਿਮਾਰੀ ਖਤਮ-ਤੰਦਰੁਸਤੀ ਕਾਇਮ। ਸਿਹਤ ਵਿਗਿਆਨ ਦੀਆਂ ਖੋਜਾਂ ਵੀ ਬਿਮਾਰੀਆਂ ਦੇ ਏਜੰਟ (ਕੀਟਾਣੂ) ਲਭਣ ਜਾਂ ਉਨ੍ਹਾਂ ਨੂੰ ਮਾਰਣ ਲਈ ਦਵਾਈਆਂ ਲਭਣ ਤੇ ਹੀ ਕੇਂਦਰਤ ਹੋ ਗਈਆਂ । ਇਹ ਬਸਤੀਵਾਦ ਦਾ ਜ਼ਮਾਨਾ ਸੀ। ਬਸਤੀ-ਵਾਦੀਆਂ ਨੂੰ ਇਹ ਸਿਧਾਂਤ ਬਹੁਤ ਰਾਸ ਆਉਂਦਾ ਸੀ ਕਿਉਂਕਿ ਇੰਗਲੈਂਡ ਵਿਚ ਮਜ਼ਦੂਰ ਜਮਾਤ ਰਹਿਣੀ-ਹਾਲਤਾਂ ਅਤੇ ਕੰਮ-ਹਾਲਤਾਂ ਵਿਚ—ਜੋ ਕਿ ਬਿਮਾਰੀਆਂ ਪੈਦਾ ਕਰ ਰਹੀਆਂ ਸਨ ਨੂੰ ਸੁਧਾਰਨ ਲਈ ਤਿਖੇ ਸੰਘਰਸ਼ ਕਰ ਰਹੀ ਸੀ । ਪਰ ਅਜੇਹੇ ਸੁਧਾਰ ਬਸਤੀਵਾਦੀ ਕਰਨ ਨੂੰ ਤਿਆਰ ਨਹੀਂ ਸਨ ਕਿਉਂਕਿ ਇਸ ਨਾਲ ਉਨ੍ਹਾਂ ਦੇ ਮੁਨਾਫ਼ੇ ਘਟਦੇ ਸਨ ।

ਉਨ੍ਹਾਂ ਨੇ ਇੰਗਲੈਂਡ ਦੇ ਇਸ ਤਜਰਬੇ ਤੋਂ ਸਿਖਦੇ ਹੋਏ ਬਿਮਾਰੀ ਦੇ ਇਕ ਕਾਰਨੀ ਜਾਂ ਕੀਟਾਣੂ-ਸਿਧਾਂਤ ਨੂੰ ਪੂਰੇ ਜ਼ੋਰ ਨਾਲ ਚੁਕਿਆ ਤਾਂ ਕਿ ਬਿਮਾਰੀਆਂ ਦੇ ਸਮਾਜਿਕ ਕਾਰਨ ਜਿਨ੍ਹਾਂ ਲਈ ਕਿ ਸਰਮਾਏਦਾਰ ਜਮਾਤ ਖੁਦ ਜ਼ਿੰਮੇਵਾਰ ਸੀ ਇਸ ਸਿਧਾਂਤ ਦੇ ਰੌਲੇ ਵਿਚ ਗੁਆਚ ਜਾਣ । ਇਸ ਦਿਸ਼ਾ ਵਿਚ ਸਾਇੰਸ ਦੀਆਂ ਅਣਗਿਣਤ ਕਾਢਾਂ ਤੇ ਰਾਜ ਕਰਦਾ ਜਮਾਤਾਂ ਦੇ ਹਿਤਾਂ ਦੀ ਪੂਰਤੀ ਥੱਲੇ ਕੀਟਾਣੂ ਸਿਧਾਂਤ ਤੋਂ ਪਹਿਲਾਂ ਦਾ ਸੰਤੁਲਤ ਦ੍ਰਿਸ਼ਟੀ-ਕੋਣ ਗੁਆਚ ਗਿਆ — ਖਾਸ ਕਰਕੇ ਉਨ੍ਹਾਂ ਦੇਸ਼ਾਂ ਵਿਚ ਜਿਥੇ ਬਸਤੀਵਾਦ ਦਾ ਬੋਲ ਬਾਲਾ ਸੀ ।

ਐਲੋਪੈਥੀ, ਜਿਸਨੇ ਕੀਟਾਣੂ-ਸਿਧਾਂਤ ਦੇ ਆਧਾਰ ਤੇ ਵਿਕਾਸ ਕੀਤਾ, ਨਾਲ ਮਰੀਜ਼ ਦਾ ਵਿਅਕਤੀਗਤ ਇਲਾਜ ਤਾਂ ਜ਼ਰੂਰ ਵਧੀਆ ਹੋ ਗਿਆ (ਭਾਵੇਂ ਮੁੱਖ ਤੌਰ ਤੇ ਉਸ ਮਰੀਜ਼ ਦਾ ਜੋ ਐਲੋਪੈਥੀ ਦਾ ਮਹਿੰਗਾ ਇਲਾਜ ਕਰਾਉਣ ਦੀ ਸਮਰੱਥਾ ਰੱਖਦਾ ਹੋਵੇ) ਪਰ ਜਿਥੇ ਕਿਤੇ ਵੀ ਇਕੱਲੇ ਇਸ ਤੇ ਨਿਰਭਰ ਕੀਤਾ ਗਿਆ ਬਿਮਾਰੀ ਦਰ ਕੋਈ ਬਹੁਤਾ ਨਾ ਘਟਿਆ । ਇਸ ਤੋਂ ਵੀ ਅਗੇ ਬਹੁਤ ਸਾਰੀਆਂ ਬਿਮਾਰੀਆਂ ਵਿਚ ਕੋਈ ਏਜੰਟ ਜਾਂ ਕੀਟਾਣੂ ਨਾ ਲਭਿਆ ਜਾ ਸਕਿਆ ਜਿਵੇਂ ਕਿ ਬਲੱਡ-ਪ੍ਰੈਸ਼ਰ ਦੀ ਬਿਮਾਰੀ, ਦਿਲ ਦੇ ਰੋਗ, ਮਾਨਸਕ ਬਿਮਾਰੀਆਂ ਤੇ ਬਹੁਤ ਸਾਰੇ ਹੋਰ ਰੋਗ । ਇਸ ਤਰ੍ਹਾਂ ਕੀਟਾਣੂ ਸਿਧਾਂਤ ਦਾ ਪਤਨ ਹੋਣ ਲੱਗਾ । ਪਿਛਲੇ ਕੁਝ ਦਹਾਕਿਆਂ ਤੋਂ ਹੁਣ ਫਿਰ ਸੰਤੁਲਤ ਦ੍ਰਿਸ਼ਟੀਕੋਣ ਪਹਿਲਾਂ ਨਾਲੋਂ ਵੀ ਉਚੀ ਪੱਧਰ ਤੇ ਵਧ-ਫੁਲ ਰਿਹਾ ਹੈ ਤੇ ਇਕ ਤੋਂ ਬਾਅਦ ਇਕ ਦੇਸ਼ ਵਿਚ ਹਰਮਨ ਪਿਆਰਾ ਹੋ ਰਿਹਾ ਹੈ ।

ਕੀਟਾਣੂ-ਸਿਧਾਂਤ ਤੋਂ ਬਾਅਦ ਦੇ ਇਸ ਯੁਗ ਵਿਚ ਸਿਹਤ ਤੇ ਸਿਹਤ ਸਮੱਸਿਆਵਾਂ ਬਾਰੇ ਹੇਠ ਲਿਖੀਆਂ ਵਿਚਾਰ-ਧਾਰਾਵਾਂ ਪ੍ਰਚਲਿਤ ਹਨ :—

### 1. ਬਹੁ-ਕਾਰਨੀ ਸਿਧਾਂਤ (Epidemiological Theory)

ਇਸ ਸਿਧਾਂਤ ਅਨੁਸਾਰ ਬਿਮਾਰੀ ਸਿਰਫ ਏਜੰਟ ਜਾਂ ਕੀਟਾਣੂ ਕਰਕੇ ਹੀ ਨਹੀਂ ਹੁੰਦੀ-ਜਿਵੇਂ ਕਿ ਕੀਟਾਣੂ-ਸਿਧਾਂਤ ਕਹਿੰਦਾ ਹੈ । ਸਗੋਂ ਬਿਮਾਰੀ-ਏਜੰਟ, — ਮਨੁੱਖ ਤੇ ਵਾਤਾਵਰਣ-ਤਿੰਨਾਂ ਦੀ ਪਰਸਪਰ ਕ੍ਰਿਰਿਆ ਤੋਂ ਪੈਦਾ ਹੁੰਦੀ ਹੈ । ਇਸ ਨੂੰ ਐਪੀਡੈਮੀਔਲੋਜੀਕਲ ਟਰਾਇਡ ਵੀ ਆਖਦੇ ਹਨ ।

ਇਸ ਅਨੁਸਾਰ ਬਿਮਾਰੀਆਂ ਦੀ ਉਤਪਤੀ ਇਕ ਕਾਰਣੀ ਨਹੀਂ ਸਗੋਂ ਬਹੁ-ਕਾਰਣੀ ਹੈ । ਬਿਮਾਰੀ ਦਾ ਆਰੰਭ ਕਈ ਕਾਰਨਾਂ ਦੀ ਪਰਸਪਰ ਕਿਰਿਆ ਤੋਂ ਹੁੰਦਾ ਹੈ । ਇਨ੍ਹਾਂ ਕਾਰਨਾਂ ਵਿਚੋਂ ਕੁਝ ਏਜੰਟ ਨਾਲ ਸੰਬੰਧਤ ਹੁੰਦੇ ਹਨ (ਜੋ ਕਿ ਭੌਤਿਕ–Physical ਰਸਾਇਣਕ–Chemical ਜੀਵ-ਜੰਤੂ–Biological, ਖੁਰਾਕ-ਤੱਤ-Nutrient, ਜਾਂ ਮਕੈਨੀਕਲ ਹੋ ਸਕਦੇ ਹਨ) । ਕੁਝ ਮਨੁੱਖ ਨਾਲ (ਜਿਵੇਂ ਕਿ ਉਮਰ, ਲਿੰਗ, ਧਰਮ, ਜ਼ਾਤ, ਵੰਸ਼-ਪਰੰਪਰਾ, ਖੁਰਾਕ, ਸਮਾਜਕ-ਆਰਥਕ ਰੁਤਬਾ ਅਤੇ

ਸਿਹਤ ਆਦਤਾਂ ਆਦਿ) । ਅਤੇ ਕੁੱਝ ਵਾਤਾਵਰਣ (ਜੋ ਮੋਟੇ ਤੌਰ ਤੇ ਤਿੰਨ ਤਰ੍ਹਾਂ ਦਾ ਹੁੰਦਾ ਹੈ — ਜੀਵਤ, ਅਜੀਵਤ ਅਤੇ ਸਮਾਜਕ-ਆਰਥਕ) ਨਾਲ ਸੰਬੰਧਤ ਹੁੰਦੇ ਹਨ ।

ਆਓ ਅਸੀਂ ਉਦਾਹਰਣ ਲੈਕੇ ਇਸ ਗੱਲ ਨੂੰ ਸਪਸ਼ਟ ਕਰੀਕੇ । ਸਾਡੇ ਦੇਸ਼ ਵਿਚ ਸਭ ਤੋਂ ਵੱਡਾ ਇਕ ਬਿਮਾਰੀਆਂ ਦਾ ਗਰੁਪ ਹੈ ਜਿਸ ਨੂੰ ਅਸੀਂ ਫੀਕੋ-ਔਰਲ (Faeco-Oral) ਬਿਮਾਰੀਆਂ ਆਖਦੇ ਹਾਂ । (Faeces = ਟੱਟੀ, Oral = ਮੂੰਹ) ਇਹ ਸਾਰੀਆਂ ਬਿਮਾਰੀਆਂ ਮਨੁੱਖੀ ਟੱਟੀ ਦੇ ਮੂੰਹ ਤਕ ਪਹੁੰਚਣ ਕਾਰਨ ਹੁੰਦੀਆਂ ਹਨ । ਸ਼ਾਇਦ ਬਹੁਤੇ ਲੋਕਾਂ ਨੂੰ ਇਹ ਪਤਾ ਨਹੀਂ ਕਿ ਸਾਡਾ ਆਲਾ-ਦੁਆਲਾ ਇੰਨਾ ਗੰਦਾ ਹੈ ਕਿ ਅਸੀਂ ਸਾਰੇ ਅਣਚਾਹੇ, ਅਣਜਾਣੇ ਮਨੁੱਖੀ ਟੱਟੀ ਖਾਂਦੇ ਹਾਂ ਚਾਹੇ ਉਹ ਸਾਨੂੰ ਦਿਖਦੀ ਨਹੀਂ । ਕੋਈ ਵੀ ਬੰਦਾ ਅਜਿਹਾ ਨਹੀਂ ਜੋ ਇਨ੍ਹਾਂ ਬਿਮਾਰੀਆਂ ਤੋਂ ਬਿਲਕੁਲ ਬਚਿਆ ਹੋਵੇ । ਜਿੰਨਾ ਕਿਸੇ ਦਾ ਆਲਾ-ਦੁਆਲਾ ਗੰਦਾ ਹੋਵੇਗਾ ਉਨਾਂ ਹੀ ਟੱਟੀ ਉਸ ਅੰਦਰ ਪਹੁੰਚਣ ਦਾ ਚਾਨਸ ਵੱਧ ਹੈ ਤੇ ਉਨਾਂ ਹੀ ਫੀਕੋ-ਔਰਲ ਬਿਮਾਰੀਆਂ ਦਾ । ਇਨ੍ਹਾਂ ਬਿਮਾਰੀਆਂ ਵਿਚ ਮੁੱਖ ਹਨ — ਟੱਟੀਆਂ-ਉਲਟੀਆਂ, ਪੇਟ ਦੇ ਕੀੜੇ, ਜ਼ਰਕਾਣ (ਪੀਲੀਆ), ਹੈਜ਼ਾ, ਟਾਈਫਾਈਡ ਅਤੇ ਪੇਟ ਦੀਆਂ ਹੋਰ ਅਨੇਕਾਂ ਬਿਮਾਰੀਆਂ । ਟੱਟੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਨਾਲ ਹਰ ਸਾਲ ਸਾਡੇ ਦੇਸ਼ ਵਿਚ ਪੰਜਾਹ ਲੱਖ ਲੋਕ ਮਰ ਜਾਂਦੇ ਹਨ ਤੇ ਹਰ ਸਾਲ ਪੰਜ ਕਰੋੜ ਲੋਕ ਇਨ੍ਹਾਂ ਦਾ ਸ਼ਿਕਾਰ ਬਣਦੇ ਹਨ ।

ਇਕ ਕਾਰਨੀ ਜਾਂ ਕੀਟਾਣੂ ਸਿਧਾਂਤ ਮੁਤਾਬਕ ਇਹ ਬਿਮਾਰੀਆਂ ਖਾਸ ਤਰ੍ਹਾਂ ਦੇ ਕੀਟਾਣੂਆਂ/ਜੀਵਾਣੂਆਂ ਕਰਕੇ ਹੁੰਦੀਆਂ ਹਨ । ਤੇ ਇਲਾਜ ਹੈ ਕਿ ਕੀਟਾਣੂਆਂ/ਜੀਵਾਣੂਆਂ ਨੂੰ ਦੁਆਈਆਂ ਨਾਲ ਮਾਰ ਦਿਓ ਤੇ ਤੰਦ-ਰੁਸਤ ਹੋ ਜਾਓ । ਪਰ ਅਸਲ ਵਿਚ ਨਤੀਜਾ ਕੀ ਨਿਕਲਿਆ ਹੈ :

* ਦੁਆਈਆਂ ਹੋਣ ਦੇ ਬਾਵਜੂਦ ਸਾਡੇ ਦੇਸ਼ ਵਿਚ ਇਨ੍ਹਾਂ ਬਿਮਾਰੀਆਂ ਦੀ ਦਰ ਤਾਂ ਉਥੇ ਦੀ ਉਥੇ ਹੈ ਹੀ ਮੌਤ ਦਰ ਵੀ ਨਹੀਂ ਘਟੀ ।
* ਐਲੋਪੈਥੀ ਦੀਆਂ ਮਹਿੰਗੀਆਂ ਦੁਆਈਆਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਵੀ ਅਤੇ ਦੇਣ ਵਾਲੇ ਡਾਕਟਰ ਵੀ । ਇਸ ਕਰਕੇ ਬਹੁਤ ਸਾਰੇ ਲੋਕ ਸਭ ਇਲਾਜ ਹੋਣ ਦੇ ਬਾਵਜੂਦ ਵੀ ਮਰ ਜਾਂਦੇ ਹਨ ਜਾਂ ਬਿਮਾਰੀਆਂ ਦਾ ਸ਼ਿਕਾਰ ਬਣੇ ਰਹਿੰਦੇ ਹਨ ।
* ਜੇ ਇਕ ਵਾਰੀ ਦੁਆਈ ਲੈਕੇ ਕੀਟਾਣੂ ਮਾਰ ਵੀ ਦਿਓ ਤਾਂ ਉਹ ਬਿਮਾਰੀ ਫਿਰ ਹੋ ਜਾਂਦੀ ਹੈ ਕਿਉਂਕਿ ਜਿਸ ਵਾਤਾਵਰਣ ਵਿਚ ਮਰੀਜ਼ ਰਹਿੰਦਾ ਹੈ ਉਹ ਤਾਂ ਉਸੇ ਤਰ੍ਹਾਂ ਹੀ ਹੈ—ਟੱਟੀ ਜਿਸ ਵਿਚ ਬਿਮਾਰੀ ਦੇ ਕੀਟਾਣੂ ਹਨ ਫਿਰ ਉਸ ਦੇ ਮੂੰਹ ਤਕ ਪਹੁੰਚਣ ਵਿਚ ਕਾਮਯਾਬ ਹੋ ਜਾਂਦੀ ਹੈ ।
* ਅਮੀਰ ਆਦਮੀ ਇਸ ਸਾਰੇ ਚੋਂ ਸਭ ਤੋਂ ਵਧ ਫਾਇਦੇ ਵਿਚ ਹੈ—ਪਹਿਲੀ ਗੱਲ ਤਾਂ ਉਹ ਸਾਫ ਵਾਤਾਵਰਣ ਵਿਚ ਰਹਿੰਦਾ ਹੈ—ਉਸ ਨੂੰ ਬਿਮਾਰੀ ਹੋਣ ਦੀ ਸੰਭਾਵਨਾ ਆਮ ਆਦਮੀ ਨਾਲੋਂ ਘਟ ਹੈ ਦੂਜੇ ਜੇ ਹੋ ਵੀ ਜਾਏ ਤਾਂ ਉਹ ਵਧੀਆ ਡਾਕਟਰੀ ਸਹੂਲਤਾਂ, ਲਬਾਰਟਰੀ ਟੈਸਟ ਅਤੇ ਵਧੀਆ ਦਵਾਈਆਂ ਲੈ ਸਕਦਾ ਹੈ ਤੇ ਤੀਜੇ ਇਕ ਵਾਰੀ ਠੀਕ ਹੋਣ ਤੋਂ ਬਾਦ ਉਸ ਨੂੰ ਦੁਬਾਰਾ ਬਿਮਾਰੀ ਹੋਣ ਦਾ ਚਾਂਨਸ ਆਮ ਆਦਮੀ ਤੋਂ ਘਟ ਹੈ ਕਿਉਂਕਿ ਉਸ ਦਾ ਵਾਤਾਵਰਣ ਆਮ ਆਦਮੀ ਦੇ ਮੁਕਾਬਲੇ ਬਹੁਤ ਸਾਫ ਹੈ ।

ਬਹੁ-ਕਾਰਨੀ ਸਿਧਾਂਤ ਮੁਤਾਬਕ ਇਨ੍ਹਾਂ ਬਿਮਾਰੀਆਂ ਦਾ ਕਾਰਨ ਸਿਰਫ ਕੀਟਾਣੂ ਜਾਂ ਜੀਵਾਣੂ ਨਹੀਂ--ਇਸ ਕਰਕੇ ਸਿਰਫ ਕੀਟਾਣੂਆਂ ਨੂੰ ਮਾਰਨ ਨਾਲ ਲੋਕਾਂ ਲਈ ਚੰਗੀ ਸਿਹਤ ਦੀ ਉਮੀਦ ਨਹੀਂ ਕਰਨੀ ਚਾਹੀਦੀ । ਇਸ ਸਿਧਾਂਤ ਮੁਤਾਬਕ ਇਹ ਬਿਮਾਰੀਆਂ ਬਹੁ-ਕਾਰਨੀ ਹਨ । ਇਨ੍ਹਾਂ ਵਿਚੋਂ ਕੁਝ ਕਾਰਣ ਏਜੰਟ ਸੰਬੰਧੀ ਹਨ, ਕੁਝ ਮਨੁਖ ਸੰਬੰਧੀ ਤੇ ਕੁਝ ਵਾਤਾਵਰਣ ਸੰਬੰਧੀ । ਇਨ੍ਹਾਂ ਸਾਰੇ ਕਾਰਨਾਂ ਦੀ ਪਰਸਪਰ ਕਿਰਿਆ ਨਾਲ ਇਹ ਬਿਮਾਰੀਆਂ ਪੈਦਾ ਹੁੰਦੀਆਂ ਹਨ । ਇਹ ਸਿਧਾਂਤ ਕੀਟਾਣੂ ਸਿਧਾਂਤ ਦੀ ਇਸ ਗੱਲ ਤੋਂ ਆਲੋਚਣਾ ਕਰਦਾ ਹੈ ਕਿ ਉਹ ਏਜੰਟ ਤੋਂ ਬਾਹਰ ਨਹੀਂ ਜਾਂਦਾ । ਮਨੁਖੀ ਕਾਰਨ- ਜਿਵੇਂ ਕਿ ਥਾਂ ਥਾਂ ਤੇ ਟਟੀ ਕਰਣਾ, ਬਾਅਦ ਵਿਚ ਹੱਥ ਨਾ ਧੋਣਾ, ਨੰਗੇ ਪੈਰੀ ਤੁਰਨ ਦੀ ਆਦਤ, ਮਾੜੀ ਖੁਰਾਕ ਤੇ ਸਰੀਰਕ ਕਮਜ਼ੋਰੀ, ਜਲਦੀ ਜਲਦੀ ਇਲਾਜ ਨਾ ਕਰਾਉਣਾ ਆਦਿ ਵੀ ਇਨ੍ਹਾਂ ਬਿਮਾਰੀਆਂ ਦੇ ਕਾਰਨ ਹਨ । ਇਸੇ ਤਰ੍ਹਾਂ ਵਾਤਾਵਰਣ ਸੰਬੰਧੀ ਕਾਰਨ ਜਿਵੇਂ ਕਿ ਥਾਂ ਥਾਂ ਗੰਦਗੀ ਖੁੱਲ੍ਹਾ ਗੰਦਾ ਪਾਣੀ, ਮੱਖੀਆਂ ਦਾ ਹੋਣਾ, ਘਰ ਅਤੇ ਖਾਣਾ ਪਕਾਉਣ ਦੀ ਵਧੀਆ ਥਾਂ ਨਾ ਹੋਣਾ ਆਦਿ ਵੀ ਇਨ੍ਹਾਂ ਬਿਮਾਰੀਆਂ ਦੇ ਕਾਰਨ ਹਨ । ਬਹੁ-ਕਾਰਨੀ ਸਿਧਾਂਤ ਮੁਤਾਬਕ, ਜੇ ਇਨ੍ਹਾਂ ਬਿਮਾਰੀਆਂ ਨੂੰ ਖਤਮ ਕਰਨਾ ਹੈ ਤਾਂ ਇਨ੍ਹਾਂ ਬਿਮਾਰੀਆਂ ਦੇ ਕੀਟਾਣੂਆਂ ਨੂੰ ਮਾਰਣ ਲਈ ਦੁਆਈਆਂ ਦੇਣ ਦੇ ਨਾਲ ਨਾਲ ਮਨੁਖੀ ਕਾਰਨਾਂ ਅਤੇ ਵਾਤਾਵਰਣ ਨਾਲ ਸੰਬੰਧਤ ਕਾਰਨਾਂ ਨੂੰ ਵੀ ਧਿਆਨ ਵਿਚ ਰਖਣਾ ਪਵੇਗਾ ।

## 2. ਪਰਿਸਥਿਤੀ ਸਿਧਾਂਤ (Ecological Theory)

ਪਰਿਸਥਿਤੀ ਵਿਗਿਆਨ (Ecology) ਤੇ ਅਧਾਰਤ ਇਹ ਸਿਧਾਂਤ ਬਹੁ-ਕਾਰਨੀ ਸਿਧਾਂਤ ਤੋਂ ਇਕ ਕਦਮ ਅਗੇ ਹੈ। ਜਦ ਕਿ ਬਹੁ-ਕਾਰਨੀ ਸਿਧਾਂਤ ਇਹ ਕਹਿੰਦਾ ਹੈ ਕਿ ਬਿਮਾਰੀ ਸਿਰਫ ਏਜੰਟ, ਕੀਟਾਣੂ ਜਾਂ ਜੀਵਾਣੂ ਕਰਕੇ ਨਹੀਂ ਇਹ ਬਹੁਤ ਸਾਰੇ ਕਾਰਨਾਂ— ਏਜੰਟ ਸਬੰਧੀ, ਮਨੁਖ ਸਬੰਧੀ ਤੇ ਵਾਤਾਵਰਣ ਸਬੰਧੀ, ਦੀ ਪਰਸਪਰ ਕਿਰਿਆ ਤੋਂ ਪੈਦਾ ਹੁੰਦੀ ਹੈ। ਪਰਿਸਥਿਤੀ ਸਿਧਾਂਤ ਇਸ ਤੋਂ ਇਕ ਕਦਮ ਅੱਗੇ ਹੈ ਤੇ ਕਹਿੰਦਾ ਹੈ ਕਿ ਏਜੰਟ ਸਬੰਧੀ ਕਾਰਨ ਤੇ ਮਨੁਖ ਸਬੰਧੀ ਕਾਰਨ ਦੋਨੋਂ ਹੀ ਵਾਤਾਵਰਣ ਦੀ ਪੈਦਾਵਾਰ ਹਨ। ਏਜੰਟ ਨੂੰ ਬਿਮਾਰੀ ਪੈਦਾ ਕਰਨ ਲਈ ਅਤੇ ਜਿਉਂਦੇ ਰਹਿਣ ਲਈ ਇਕ ਖਾਸ ਤਰ੍ਹਾਂ ਦਾ ਵਾਤਾਵਰਣ ਚਾਹੀਦਾ ਹੈ-ਜੇ ਵਾਤਾਵਰਣ ਨੂੰ ਮਨੁਖੀ ਕੋਸ਼ਿਸ਼ ਨਾਲ ਇਸ ਢੰਗ ਨਾਲ ਬਦਲ ਦਿਤਾ ਜਾਵੇ ਕਿ ਉਹ ਏਜੰਟ ਦੇ ਅਨੁਕੂਲ ਨਾ ਰਹੇ ਤਾਂ ਏਜੰਟ ਨਾ ਰਹਿ ਸਕਦਾ ਹੈ ਤਾਂ ਨਾਂ ਹੀ ਬਿਮਾਰੀ ਪੈਦਾ ਕਰ ਸਕਦਾ ਹੈ। ਉਪਰ ਲਈ ਉਦਾਹਰਣ ਵਿਚ ਜੇ ਟਟੀ ਦੇ ਯੋਗ ਨਿਕਾਸ ਦੇ ਪ੍ਰਬੰਧ ਹੋਣ—ਅਤੇ ਵਾਤਾਵਰਣ ਸਾਫ ਹੋਵੇ ਤਾਂ ਨਾਂ ਤਾਂ ਟਟੀ ਸਾਡੇ ਅੰਦਰ ਜਾਏਗੀ ਨਾਂ ਬਿਮਾਰੀ ਦਾ ਏਜੰਟ ਅਤੇ ਨਾਂ ਹੀ ਬਿਮਾਰੀਆਂ ਪੈਦਾ ਹੋਣਗੀਆਂ। ਇਸੇ ਤਰ੍ਹਾਂ ਜੋ ਮਨੁਖੀ ਕਾਰਨ ਬਿਮਾਰੀਆਂ ਕਰਨ ਲਈ ਜ਼ੁਮੇਵਾਰ ਹਨ ਉਹ ਵੀ ਵਾਤਾਵਰਣ ਦੀ ਹੀ ਪੈਦਾਵਾਰ ਹਨ। ਉਪਰ ਲਈ ਉਦਾਹਰਣ ਵਿਚ ਮਨੁਖੀ ਕਾਰਨ— ਜਿਵੇਂ ਕਿ ਥਾਂ ਥਾਂ ਟਟੀ ਕਰਨਾ, ਬਾਅਦ ਵਿਚ ਹੱਥ ਨਾਂ ਧੋਣਾ, ਪੈਰੋਂ ਨੰਗੇ ਤੁਰਨਾ, ਚੰਗੀ ਖੁਰਾਕ ਦੀ ਘਾਟ, ਸਰੀਰਕ ਕਮਜੋਰੀ ਅਤੇ ਜਲਦੀ ਜਲਦੀ ਇਲਾਜ ਨਾ ਕਰਾਉਣਾ ਆਦਿ ਇਕ ਖਾਸ ਤਰ੍ਹਾਂ ਦੇ ਸਮਾਜਕ-ਆਰਥਕ ਵਾਤਾਵਰਣ ਦੀ ਪੈਦਾਵਾਰ ਹਨ—ਤੇ ਮਨੁਖੀ ਕੋਸ਼ਿਸ਼ ਨਾਲ ਅਜੇਹੇ ਵਾਤਾਵਰਣ ਨੂੰ ਬਦਲਿਆ ਜਾ ਸਕਦਾ ਹੈ। ਇਸ ਤਰ੍ਹਾਂ ਮਨੁਖੀ ਕਾਰਨ ਜੋ ਬਿਮਾਰੀਆਂ ਪੈਦਾ ਕਰਨ ਦੇ ਜ਼ੁਮੇਵਾਰ ਹਨ—ਖਤਮ ਹੋ ਸਕਦੇ ਹਨ।

ਹੁਣ ਤਕ ਅਸੀਂ ਦੇਖਿਆ ਕਿ ਕਿਵੇਂ ਇਕ ਕਾਰਨੀ ਸਿਧਾਂਤ ਜਾਂ ਕੀਟਾਣੂ ਸਿਧਾਂਤ ਬਿਮਾਰੀਆਂ ਦੀ ਅਸਲੀ-ਅਤ ਨੂੰ ਸਮਝਣ ਲਈ ਨਾ-ਕਾਫੀ ਹੈ। ਜੇ ਇਸ ਦੇ ਪਿਛੇ ਲਗ ਕੇ ਅਸੀਂ ਸਿਰਫ ਏਜੰਟ ਤੇ ਹੀ ਆਪਣਾ ਧਿਆਨ ਕੇਂਦਰਤ ਰਖਾਂਗੇ ਤਾਂ ਸਾਨੂੰ ਸਮੁੱਚੀ ਅਸਲੀਅਤ ਸਮਝ ਨਹੀਂ ਪਵੇਗੀ ਤੇ ਜੇ ਅਸੀਂ ਸਮੁੱਚੀ ਅਸਲੀਅਤ ਸਮਝ ਹੀ ਨਹੀਂ ਸਕ ਤਾਂ ਉਸ ਨੂੰ ਬਦਲਣਾ ਨਾ-ਮੁਮਕਨ ਹੈ।

ਬਹੁ-ਕਾਰਨੀ ਸਿਧਾਂਤ ਸਾਨੂੰ ਇਕ-ਕਾਰਨੀ ਸਿਧਾਂਤ ਦੇ ਖੋਪੇ ਉਤਾਰ ਕੇ ਦੇਖਣ ਲਈ ਕਹਿੰਦਾ ਹੈ। ਇਹ ਸਾਨੂੰ ਏਜੰਟ ਤੋਂ ਇਲਾਵਾ, ਮਨੁਖ ਅਤੇ ਵਾਤਾਵਰਣ ਦੇ ਕਾਰਨਾਂ ਬਾਰੇ ਤੱਥ ਘੋਖਣ ਲਈ ਰਾਹ ਦਿਖਾਉਂਦਾ ਹੈ। ਇਸ ਤਰ੍ਹਾਂ ਇਹ ਸਿਧਾਂਤ, ਇਕ-ਕਾਰਨੀ ਸਿਧਾਂਤ ਨਾਲੋਂ ਬਹੁਤ ਅਗੇ-ਵਧੂ ਹੈ - ਕਿਉਂਕਿ ਇਹ ਮਨੁਖੀ ਦੁੱਖ ਨੂੰ ਸਮਝਣ ਲਈ ਇਕ-ਕਾਰਨੀ ਸਿਧਾਂਤ ਨਾਲੋਂ ਵਧ ਸਹਾਈ ਹੁੰਦਾ ਹੈ।

ਪਰਿਸਥਿਤੀ ਸਿਧਾਂਤ ਬਹੁ-ਕਾਰਨੀ ਸਿਧਾਂਤ ਤੋਂ ਵੀ ਅਗੇ-ਵਧੂ ਹੈ ਕਿਉਂਕਿ ਬਹੁ ਕਾਰਨੀ ਸਿਧਾਂਤ ਸਾਨੂੰ ਸਿਰਫ ਘੱਟ ਮਹੱਤਤਾ ਵਾਲੇ ਥਾਂ ਤੋਂ ਧਿਆਨ ਹਟਾਉਣ ਲਈ ਗਾਈਡ ਕਰਦਾ ਹੈ—ਜਦੋਂ ਕਿ ਠੀਕ ਜਾਂ ਉਪਯੁਕਤ ਥਾਂ ਤੇ ਧਿਆਨ ਕੇਂਦਰਤ ਕਰਨ ਲਈ ਸਾਨੂੰ ਪਰਿਸਥਿਤੀ ਸਿਧਾਂਤ ਹੀ ਗਾਈਡ ਕਰਦਾ ਹੈ। ਬਹੁਕਾਰਨੀ ਸਿਧਾਂਤ ਸਾਨੂੰ ਦਸਦਾ ਹੈ ਕਿ ਸਭ ਥਾਂ ਤੇ ਦੇਖੋ (ਏਜੰਟ ਨੂੰ, ਮਨੁਖ ਨੂੰ ਤੇ ਵਾਤਾਵਰਣ ਨੂੰ) ਪਰ ਇਹ ਨਹੀਂ ਦਸਦਾ ਕਿ ਇਨ੍ਹਾਂ 'ਚੋਂ ਮੁਖ ਕਿਹੜਾ ਹੈ। ਪਰਿਸਥਿਤੀ ਸਿਧਾਂਤ ਇਹ ਦਰਸਾਉਂਦਾ ਹੈ ਕਿ ਏਜੰਟ ਤੇ ਮਨੁਖ ਦੋਵੇਂ ਹੀ ਆਪਣੇ ਵਾਤਾਵਰਣ ਦੀ ਪੈਦਾਵਾਰ ਹਨ—ਇਸ ਲਈ ਬਿਮਾਰੀਆਂ ਦੇ ਕਾਰਨ ਵੀ ਮੁਖ ਤੌਰ ਤੇ ਵਾਤਾਵਰਣ ਤੋਂ ਹੀ ਸ਼ੁਰੂ ਹੁੰਦੇ ਹਨ। ਜੇ ਵਾਤਾਵਰਣ ਨੂੰ ਸਾਂਝੇ-ਮਨੁਖੀ ਹੰਭਲੇ ਨਾਲ ਮਨੁਖ ਦੇ ਹੱਕ ਵਿਚ ਤੇ ਏਜੰਟ ਦੇ ਉਲਟ ਬਦਲ ਦਿਤਾ ਜਾਵੇ ਤਾਂ ਬਿਮਾਰੀਆਂ ਖਤਮ ਹੋ ਜਾਣਗੀਆਂ।

ਪਰਿਸਥਿਤੀ ਸਿਧਾਂਤ ਤਿੰਨੇ ਤਰ੍ਹਾਂ ਦੇ ਵਾਤਾਵਰਣ ਨੂੰ ਇਕਠਾ ਹੀ ਲੈਂਦਾ ਹੈ, ਜਦੋਂ ਕਿ ਮੇਟੀਰੀਅਲਿਸਟ ਐਪੀਡੈਮੀਓਲੋਜੀ—ਨਾਂ ਦਾ ਸਿਧਾਂਤ ਕਹਿੰਦਾ ਹੈ ਕਿ ਤਿੰਨ ਤਰ੍ਹਾਂ ਦੇ ਵਾਤਾਵਰਣ (ਜੀਵਤ, ਅਜੀਵਤ ਤੇ ਸਮਾਜਕ-ਆਰਥਕ) ਵਿਚੋਂ ਸਮਾਜਕ-ਆਰਥਕ ਵਾਤਾਵਰਣ ਸਭ ਤੋਂ ਮੁੱਖ ਹੈ। ਕਿਉਂਕਿ ਜੀਵਤ ਤੇ ਅਜੀਵਤ ਵਾਤਾਵਰਣ ਦੇ ਨਾਂਹ-ਪੱਖੀ ਜਾਂ ਬਿਮਾਰੀਆਂ ਪੈਦਾ ਕਰਨ ਵਾਲੇ ਪੱਖਾਂ ਦੇ ਕਾਰਨ ਸਮਾਜਕ-ਆਰਥਕ ਵਾਤਾਵਰਨ ਵਿਚ ਹਨ। ਇਸ ਲਈ ਇਨ੍ਹਾਂ ਨਾਂਹ ਪੱਖੀ ਪਖਾਂ ਨੂੰ ਹਟਾਉਣ ਲਈ ਵੀ ਸਮਾਜਕ-ਆਰਥਕ ਵਾਤਾਵਰਣ ਨੂੰ ਹੀ ਸਮਝਣਾ ਤੇ ਬਦਲਣਾ ਪੈਣਾ ਹੈ। ਪਹਿਲਾਂ ਲਈ ਫੀਕੋਔਰਲ ਬਿਮਾਰੀਆਂ ਦੀ ਉਦਾਹਰਣ ਵਿਚ-ਵਾਤਾਵਰਣ ਦਾ ਐਨਾਂ ਗੰਦਾ ਹੋਣਾ ਕਿ ਮਨੁਖੀ ਟੱਟੀ ਦਾ ਸਭ ਦੇ ਮੂਹ ਤਕ ਪਹੁੰਚਣ ਵਿਚ ਕਾਮਯਾਬ ਹੋ ਜਾਣਾ-ਸਮਾਜਕ-ਆਰਥਕ ਵਾਤਾਵਰਣ ਦੇ ਕਿਸੇ ਨਾਂਹ-ਪੱਖੀ ਪੱਖ ਦਾ ਚਿੰਨ੍ਹ ਹੈ। ਇਸ ਲਈ ਇਸ ਉਦਾਹਰਣ ਵਿਚ ਸਮਾਜਕ-ਆਰਥਕ ਵਾਤਾਵਰਣ ਵਿਚ ਤਬਦੀਲੀ ਮੁਖ ਹੈ ਜਿਸ ਨਾਲ ਜੀਵਤ ਤੇ ਅਜੀਵਤ ਵਾਤਾਵਰਣ ਵਿਚ ਤਬਦੀਲੀ ਹੋਣ ਲਈ ਅਧਾਰ ਬਣੇਗਾ ਅਤੇ ਜਿਸ ਨਾਲ ਫੀਕੋ-ਔਰਲ ਬਿਮਾਰੀ-ਆਂ ਜੜ੍ਹੋਂ ਪੁਟੀਆਂ ਜਾਣਗੀਆਂ—ਜਿਵੇਂ ਕਿ ਬਹੁਤ ਸਾਰੇ

ਦੇਸ਼ਾਂ ਵਿਚ ਪਹਿਲਾਂ ਹੀ ਹੋ ਚੁੱਕਾ ਹੈ ।

ਇਹ ਗਲ ਲਗ ਪਗ ਸਾਰੀਆਂ ਮੁਖ ਬਿਮਾਰੀਆਂ ਤੇ ਲਾਗੂ ਹੁੰਦੀ ਹੈ । ਇਸੇ ਕਰਕੇ ਵਰਕੋਵ ਨੇ ਉਨੀਵੀਂ ਸਦੀ ਦੇ ਅੱਧ ਵਿਚ ਹੀ ਇਹ ਸਿੱਟਾ ਕਢ ਲਿਆ ਸੀ ਕਿ

> "ਚਕਿਤਸਾ ਵਿਗਿਆਨ (ਜਾਂ ਸਿਹਤ ਵਿਗਿਆਨ) ਇਕ ਸਮਾਜਕ ਵਿਗਿਆਨ ਹੈ ਤੇ ਰਾਜਨੀਤੀ ਵੱਡੇ ਪਧਰ ਤੇ ਚਕਿਤਸਾ ਵਿਗਿਆਨ ਹੀ ਹੈ ।"
> "Medicine is a social science and politics is nothing but medicine on a large scale".

ਮਾੜੀ ਸੇਹਤ ਦੇ ਅਸਲੀ ਕਾਰਨਾਂ ਬਾਰੇ ਚੇਤਨਤਾ ਤੇ ਗਿਆਨ–ਚੰਗੀ ਸੇਹਤ ਦੀ ਪ੍ਰਾਪਤੀ ਲਈ ਇਕ ਜ਼ਰੂਰੀ ਤੇ ਮੁਢਲੀ ਸ਼ਰਤ ਹੈ ।

ਪਰ ਕੀ ਸਿਰਫ ਇੰਨੀ ਅਸਲੀਅਤ ਸਮਝ ਲੈਣ ਨਾਲ ਬਿਮਾਰੀਆਂ ਖਤਮ ਹੋ ਜਾਣਗੀਆਂ ? ਇਹ ਸਮਝ ਤਾਂ ਬਹੁਤ ਸਾਰੇ ਸਾਇੰਸਦਾਨਾਂ ਨੂੰ ਅਜ ਤੋਂ ਡੇਢ ਸੌ ਸਾਲ ਪਹਿਲਾਂ ਆ ਗਈ ਸੀ । ਏਂਜਲਜ਼ ਨੇ 1845 ਵਿਚ ਲਿਖੀ ਕਿਤਾਬ 'ਇੰਗਲੈਂਡ ਵਿਚ ਮਜ਼ਦੂਰ ਜਮਾਤ ਦੀ ਹਾਲਤ' ਵਿਚ ਬੜੇ ਸੁਹਣੇ ਢੰਗ ਨਾਲ ਦਰਸਾਇਆ ਹੈ ਕਿਵੇਂ ਮਜ਼ਦੂਰਾਂ ਦੀ ਕੰਮ ਤੇ ਰਹਿਣ ਹਾਲਤਾਂ ਉਨ੍ਹਾਂ ਦੀਆਂ ਬਿਮਾਰੀਆਂ ਲਈ ਜ਼ਿੰਮੇਂਵਾਰ ਸਨ । ਵਰਕੋਵ ਨੇ ਏਂਜਲਜ਼ ਦੀ ਸਮਝ ਨੂੰ ਬਹੁਤ ਅਗੇ ਵਧਾਇਆ ਤੇ ਕਈ ਕਿਤਾਬਾਂ ਲਿਖੀਆਂ ਇਸ ਸਮਝ ਦੇ ਆਧਾਰ ਤੇ ਕੁਝ ਦੇਸ਼ਾਂ ਵਿਚ ਤਾਂ ਬਿਮਾਰੀਆਂ ਤੇ ਕਾਬੂ ਪਾ ਲਿਆ ਗਿਆ, ਜਦੋਂ ਕਿ ਦੁਨੀਆਂ ਦੀ ਅਧੀਓਂ ਵੱਧ ਵਸੋਂ ਅਜੇ ਵੀ ਉਦਾਂ ਹੀ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੈ । ਅਜਿਹਾ ਕਿਓਂ ? ਜੇ ਸਿਰਫ ਸਮਝ ਕਰਕੇ ਹੀ ਗੱਲ ਅੜੀ ਸੀ ਤਾਂ ਤੇ ਸਾਰੇ ਦੇਸ਼ਾਂ ਵਿਚ ਬਿਮਾਰੀਆਂ ਤੇ ਕਾਬੂ ਪਾ ਲਿਆ ਜਾਣਾ ਚਾਹੀਦਾ ਸੀ ।

ਇਹ ਸਮਝਣ ਲਈ ਸਾਨੂੰ ਆਪਣੇ ਦੇਸ਼ ਦੀ ਸਮਾਜਕ–ਆਰਥਕ ਅਸਲੀਅਤ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ । ਸਾਡੇ ਦੇਸ਼ ਵਿਚ ਸਮਾਜ ਪ੍ਰਸਪਰ ਵਿਰੋਧੀ ਜਮਾਤਾਂ ਵਿਚ ਵੰਡਿਆ ਹੋਇਆ ਹੈ । ਇਕ ਪਾਸੇ ਆਮ ਲੋਕ ਹਨ ਜੋ ਆਪਣੀ ਮੇਹਨਤ ਨਾਲ ਸਮਾਜ ਦੀ ਹਰ ਵਸਤ ਪੈਦਾ ਕਰਦੇ ਹਨ ਦੂਜੇ ਪਾਸੇ ਉਹ ਚੰਦ ਲੋਕ ਹਨ ਜੋ ਪੈਦਾਵਾਰੀ ਸਾਧਨਾਂ (ਲੋਕਾਂ ਦੇ ਦਾਦੇ–ਪੜਦਾਦਿਆਂ ਦੀ ਇਕੱਠੀ ਹੋਈ ਮਿਹਨਤ) ਤੇ ਕਾਬਜ਼ ਹੋਣ ਕਰਕੇ ਆਮ ਲੋਕਾਂ ਦੀ ਮਿਹਨਤ ਦਾ ਵਡਾ ਹਿਸਾ ਹੜੱਪ ਜਾਂਦੇ ਹਨ । ਇਨ੍ਹਾਂ ਦੋ ਵਰਗਾਂ ਦੇ ਹਿੱਤ ਇਕ ਦੂਜੇ ਦੇ ਵਿਰੁੱਧ ਹਨ । ਇਸ ਲਈ ਕੋਈ ਵੀ ਸਰਕਾਰ ਜਾਂ ਸਟੇਟ ਇਨਾਂ ਦੋਨਾਂ ਵਰਗਾਂ ਦੇ ਹਿੱਤ ਨਹੀਂ ਪੂਰ ਸਕਦੀ । ਸਾਡੇ ਦੇਸ਼ ਵਿਚ ਸਰਕਾਰ ਤੇ ਸਟੇਟ ਮੁੱਠੀ ਭਰ ਸਾਧਨਾਂ ਦੇ ਮਾਲਕਾਂ ਦੇ ਹੱਥ ਵਿਚ ਹੈ । ਇਸ ਕਰਕੇ ਇਹ ਮੁੱਖ ਤੌਰ ਤੇ ਲੋਕ–ਵਿਰੋਧੀ ਹੈ । ਇਸ ਲਈ ਸਿਹਤ ਸਣੇ ਸਾਰੀਆਂ ਸਮਾਜਕ ਗਤੀ ਵਿਧੀਆਂ ਇਨਾਂ ਮੁੱਠੀ ਭਰ ਲੋਕਾਂ ਦੇ ਹਿੱਤ ਪੂਰਦੀਆਂ ਹਨ । ਸਿਹਤ ਸੰਸਥਾਵਾਂ ਸਣੇ ਸਾਰੀਆਂ ਸਮਾਜਕ ਸੰਸਥਾਵਾਂ ਤੇ ਵੀ (ਸਰਕਾਰ ਰਾਹੀਂ ਤੇ ਹੋਰ ਢੰਗਾਂ ਨਾਲ) ਇਨਾਂ ਮੁੱਠੀ ਭਰ ਲੋਕਾਂ ਦਾ ਕਬਜ਼ਾ ਹੈ । ਸਿਹਤ ਸੰਬੰਧੀ ਸਾਰੀਆਂ ਗਤੀ–ਵਿਧੀਆਂ—ਸਿਹਤ ਵਿਗਿਆਨ ਦੇ ਕਿਹੜੇ ਸਿਧਾਂਤ ਨੂੰ ਕਿੰਨੀ ਮਹਤਤਾ ਦੇਣੀ ਹੈ, ਮੈਡੀਕਲ ਕਾਲਜਾਂ ਵਿਚ ਕਿਸ ਤਰ੍ਹਾਂ ਦਾ ਸਿਹਤ ਗਿਆਨ ਦੇਣਾ ਹੈ, ਬਿਮਾਰੀਆਂ ਦੇ ਸਮਾਜਕ–ਆਰਥਕ–ਸਭਿਆਚਾਰਕ ਕਾਰਨਾਂ ਨੂੰ ਕਿੰਨਾ ਪਰਚਾਰਣਾ ਅਤੇ ਕਿੰਨਾ ਲੁਕਾਉਣਾ ਹੈ । ਬਿਮਾਰੀਆਂ ਦੇ ਕਾਰਨਾਂ ਨੂੰ ਘੋਖਣ ਵੇਲੇ ਸੱਚ ਨੂੰ ਨੰਗਾ ਕਰਨਾ ਹੈ ਕਿ ਲੁਕਾਉਣਾ ਹੈ, ਸਿਹਤ ਸੇਵਾਵਾਂ ਕਿੰਨੀਆਂ ਮਹਿੰਗੀਆਂ ਰਖਣੀਆਂ ਹਨ, ਸਿਹਤ ਸੇਵਾਵਾਂ ਦਾ ਮੁਖ ਮਕਸਦ ਲੋਕਾਂ ਦੀ ਸੇਵਾ ਅਤੇ ਚੰਗੀ ਸਿਹਤ ਹੈ ਜਾਂ ਹਾਕਮ ਜਮਾਤਾਂ ਦੀ ਸੇਵਾ, ਦੁਆਈਆਂ ਤੇ ਸਿਹਤ ਔਜ਼ਾਰਾਂ ਦੀ ਪੈਦਾਵਾਰ ਦਾ ਮੁੱਖ ਮੰਤਵ ਲੋਕ ਸੇਵਾ ਹੈ ਕਿ ਮੁਨਾਫਾ, ਸਿਹਤ ਸੰਸਥਾਵਾਂ ਨੂੰ ਜਮਹੂਰੀ ਕਦਰਾਂ ਕੀਮਤਾਂ ਨਾਲ ਚਲਾਉਣਾ ਹੈ ਕਿ ਨੌਕਰ ਸ਼ਾਹੀ ਕਦਰਾਂ ਕੀਮਤਾਂ ਨਾਲ, ਚੰਗੀ ਸਿਹਤ ਲਈ ਲੋਕਾਂ ਨੂੰ ਜਥੇਬੰਦ ਕਰਕੇ, ਚੇਤਨ ਕਰਕੇ ਇਕ ਲਹਿਰ ਦਾ ਰੂਪ ਦੇਣਾ ਹੈ ਜਾਂ ਸਿਹਤ ਸੇਵਾਵਾਂ ਲੋਕਾਂ ਨੂੰ ਦਾਨ ਦੇ ਤੌਰ ਤੇ ਉਨ੍ਹਾਂ ਦੀ ਚੇਤਨਾ ਤੇ ਲਹਿਰ ਨੂੰ ਰੋਕਣ ਲਈ ਦੇਣੀਆਂ ਹਨ ਆਦਿ ਪ੍ਰਤੀ ਦੋ ਦ੍ਰਿਸ਼ਟੀਕੋਣ ਹੋਣੇ ਕੁਦਰਤੀ ਹਨ । ਇਹ ਦ੍ਰਿਸ਼ਟੀਕੋਣ ਬਹੁਤੀ ਥਾਂ ਤੇ ਪ੍ਰਸਪਰ ਵਿਰੋਧੀ ਹੋਣੇ ਵੀ ਕੁਦਰਤੀ ਹਨ ।

ਲੋਕ–ਪਖੀ ਚੇਤਨ ਬੁਧੀ – ਜੀਵੀਆਂ ਦਾ ਇਹ ਨੈਤਕ ਫਰਜ਼ ਹੈ ਕਿ ਸਿਹਤ ਸਣੇ ਸਮਾਜ ਦੇ ਸਾਰੇ ਅਦਾਰਿਆਂ ਵਿਚ ਚਲ ਰਹੇ ਇਸ ਵਰਗ–ਸੰਘਰਸ਼ ਦਾ ਵਿਸਥਾਰ ਸਹਿਤ ਵਿਸ਼ਲੇਸ਼ਣ ਕਰਣ ਤਾਂ ਕਿ ਲੋਕਾਂ ਦੇ ਵਿਸ਼ਾਲ ਸੰਘਰਸ਼ ਦਾ ਰਾਹ–ਦਰਸ਼ਨ ਹੋ ਸਕੇ ।

o

## ਪੀਪਲਜ਼ ਹੈਲਥ ਗਰੁੱਪ

ਲਗਪਗ 30 ਡਾਕਟਰਾਂ ਤੇ ਹੋਰ ਸਿਹਤ ਕਾਮਿਆਂ ਨੇ ਰਲ ਕੇ ਇਕ ਗਰੁੱਪ ਬਣਾਇਆ ਹੈ । ਇਸ ਗਰੁੱਪ ਦਾ ਨਾਮ "ਪੀਪਲਜ਼ ਹੈਲਥ ਗਰੁੱਪ" ਰੱਖਿਆ ਗਿਆ ਹੈ । ਅਤੇ ਡਾ: ਪ੍ਰੇਮ ਖੋਸਲਾ ਨੂੰ ਇਸ ਦਾ ਕਨਵੀਨਰ ਚੁਣਿਆ ਗਿਆ ਹੈ ।

(1) ਸਾਡੇ ਦੇਸ਼ ਦੇ ਲੋਕਾਂ ਦੀ ਸਿਹਤ ਬੇਹਦ ਭੈੜੀ

ਹਾਲਤ ਵਿਚ ਹੈ । ਉਹ ਅੱਜ ਵੀ ਅਜਿਹੀਆਂ ਬਿਮਾਰੀਆਂ ਦੇ ਸ਼ਿਕਾਰ ਹਨ ਜਿਨ੍ਹਾਂ ਤੋਂ ਕਈ ਦੇਸ਼ਾਂ ਦੇ ਲੋਕ ਕਈ ਦਹਾਕੇ ਪਹਿਲਾਂ ਹੀ ਛੁਟਕਾਰਾ ਪਾ ਚੁਕੇ ਹਨ ।

(2) ਇਸ ਗਰੁਪ ਦੇ ਮੈਂਬਰ ਸਿਹਤ ਦੀ ਮੌਜੂਦਾ ਸਮਝ, ਨੀਤੀ ਅਤੇ ਸੇਵਾਵਾਂ ਤੋਂ ਬੇਹੱਦ ਅਸੰਤੁਸ਼ਟ ਹਨ ਉਹ ਸਮਝਦੇ ਹਨ ਕਿ ਰਾਜ ਕਰਦਾ ਜਮਾਤਾਂ ਦੀ ਮੌਜੂਦਾ ਸਿਹਤ ਪਾਲਸੀ ਨਾਲ ਸਾਡੇ ਦੇਸ਼ ਦੇ ਲੋਕਾਂ ਲਈ ਚੰਗੀ ਸਿਹਤ ਪ੍ਰਾਪਤ ਕਰਨਾ ਨਾ-ਮੁਮਕਿਨ ਹੈ । ਇਸ ਲਈ ਸਿਹਤ ਸਬੰਧੀ ਸਮਝ, ਨੀਤੀ ਤੇ ਯੋਜਨਾਂ ਵਿਚ ਇਨਕਲਾਬੀ ਤਬਦੀਲੀਆਂ ਦੀ ਲੋੜ ਹੈ ।

(3) ਸਿਹਤ ਸਬੰਧੀ ਮਜੂਦਾ ਹਾਲਤ ਦੀ ਅਸਲੀਅਤ ਨੂੰ ਬਦਲਣ ਲਈ ਪਹਿਲਾਂ ਇਸ ਨੂੰ ਸਮਝਣਾ ਬੇਹਦ ਜ਼ਰੂਰੀ ਹੈ ।

(4) ਗਰੁੱਪ ਇਹ ਸਮਝਦਾ ਹੈ ਕਿ ਸਿਹਤ ਸਮੱਸਿਆਵਾਂ ਬਾਰੇ ਜੋ ਜਾਣਕਾਰੀ ਜਾਂ ਗਿਆਨ ਆਮ ਸਕੂਲਾਂ ਕਾਲਜਾਂ ਅਤੇ ਮੈਡੀਕਲ ਕਾਲਜਾਂ ਵਿਚ ਪ੍ਰਚਾਰਿਆ ਜਾਂਦਾ ਹੈ ਉਹ ਅਸਲੀਅਤ ਸਮਝਣ ਲਈ ਨਾਂ-ਕਾਫੀ ਹੀ ਨਹੀਂ ਸਗੋਂ ਸੱਚ ਨੂੰ ਅਰਧ-ਸੱਚ ਜਾਂ ਕੋਰੇ ਝੂਠ ਥੱਲੇ ਲੁਕਾਉਂਦਾ ਹੈ । ਇਸ ਲਈ ਲੁਕਾਏ ਸੱਚ ਨੂੰ ਨੰਗਾ ਕਰਨਾ ਬੇਹਦ ਜ਼ਰੂਰੀ ਹੈ ।

(5) ਗਰੁੱਪ ਇਹ ਸਮਝਦਾ ਹੈ ਕਿ ਸਿਹਤ ਸਮਸਿਆਵਾਂ ਬਾਰੇ ਸੱਚ ਨੂੰ ਖੋਜਣਾ ਜਾਂ ਨੰਗਾ ਕਰਨਾ ਤੇ ਫੇਰ ਲੋਕਾਂ ਤਕ ਲੈ ਕੇ ਜਾਣਾ ਇੰਨਾ ਸੌਖਾ ਕੰਮ ਨਹੀਂ । ਫੇਰ ਵੀ ਇਸ ਕੰਮ ਨੂੰ ਸ਼ੁਰੂ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਕਿਉਂਕਿ ਸੱਚ ਜਾਣੇ ਬਿਨਾ ਅਸਲੀਅਤ ਨੂੰ ਬਦਲਣਾ ਅਸੰਭਵ ਹੈ ।

(6) ਗਰੁੱਪ ਇਹ ਸਮਝਦਾ ਹੈ ਕਿ ਸਿਹਤ ਸਮੱਸਿਆਵਾਂ ਤੇ ਉਨ੍ਹਾਂ ਦਾ ਹਲ ਬਿਮਾਰੀਆਂ ਦੇ ਇਲਾਜ ਤਕ ਹੀ ਸੀਮਤ ਨਹੀਂ । ਇਹ ਬੜੀ ਡੂੰਘੀ ਤਰ੍ਹਾਂ ਸਮਾਜ ਦੇ ਸਾਰੇ ਪੱਖਾਂ ਜਿਵੇਂ ਕਿ ਆਰਥਕਤਾ, ਰਾਜਨੀਤੀ, ਅਤੇ ਸਭਿਆ-ਚਾਰ ਆਦਿ ਨਾਲ ਜੁੜਿਆ ਹੋਇਆ ਹੈ । ਇਸ ਕਰਕੇ ਲੋਕਾਂ ਦੀ ਚੰਗੀ ਸਿਹਤ ਲਈ ਇਨ੍ਹਾਂ ਸਾਰੇ ਪੱਖਾਂ ਨੂੰ ਸਮਝਣਾ ਬੇਹਦ ਜ਼ਰੂਰੀ ਹੈ ।

(7) ਗਰੁਪ ਇਹ ਸਮਝਦਾ ਹੈ ਕਿ ਲੋਕ ਹੀ ਇਤਿਹਾਸ ਅਤੇ ਸਮਾਜ ਦੇ ਸਿਰਜਣਹਾਰੇ ਹਨ, ਲੋਕ ਹੀ ਅਸਲੀ ਸ਼ਕਤੀ ਹਨ । ਗਿਆਨ ਅਤੇ ਤਕਨੀਕ ਲੋਕਾਂ ਨੇ ਵਰਤਣੇ ਹਨ । ਗਿਆਨ ਅਤੇ ਤਕਨੀਕ ਆਪਣੇ ਆਪ ਕੋਈ ਸਮੱਸਿਆ ਹਲ ਨਹੀਂ ਕਰ ਸਕਦੇ । ਇਸ ਲਈ ਸਿਹਤ ਸਮੱਸਿਆਵਾਂ ਦੇ ਸੱਚ ਦਾ ਗਿਆਨ ਜਦ ਤਕ ਲੋਕਾਂ ਤਕ ਨਹੀਂ ਪਹੁੰਚਦਾ ਤਦ ਤਕ ਉਨ੍ਹਾਂ ਦਾ ਚੰਗੀ ਸੇਹਤ ਲਈ ਸੰਘਰਸ਼ ਦਾ ਰਸਤਾ ਰੌਸ਼ਨ ਨਹੀਂ ਹੋਵੇਗਾ । ਇਸ ਲਈ ਸੇਹਤ ਬਾਰੇ ਸਾਰੇ ਤਥ-ਬਿਮਾਰੀਆਂ ਦੇ ਕਾਰਨ, ਉਨ੍ਹਾਂ ਦੇ ਹਲ ਵਿੱਚ ਆਉਂਦੀਆਂ ਔਕੜਾਂ, ਰਾਜ ਕਰਦਾ ਜਮਾਤਾਂ ਦਾ ਨਜਰੀਆ ਅਤੇ ਲੋਕਾਂ ਦੇ ਚੰਗੀ ਸੇਹਤ ਲਈ ਸੰਘਰਸ਼ ਦਾ ਮੁਮੰਕਿਨ ਰਾਹ ਆਦਿ ਲੋਕਾਂ ਤਕ ਲੈ ਕੇ ਜਾਣਾ ਲੋਕ-ਪਖੀ ਚੇਤਨ ਲੋਕਾਂ ਦਾ ਨੈਤਕ ਫਰਜ਼ ਹੈ ।

(8) ਇਹ ਕੰਮ ਇਕਲੇ ਦੁਕਲੇ ਕਰਨਾ ਨਾ ਮੁਮਕਿਨ ਹੈ । ਇਸ ਲਈ ਸਾਂਝੀ ਕੋਸ਼ਿਸ਼ ਬੇਹਦਜ਼ ਰੂਰੀ ਹੈ । ਪੀਪਲਜ਼ ਹੈਲਥ ਗਰੁਪ ਇਸ ਨੈਤਕ ਫਰਜ਼ ਨੂੰ ਨਿਭਾਉਣ ਵਲ ਪੁਟਿਆ ਇਕ ਕਦਮ ਹੈ ।

ਗਰੁਪ ਸੇਹਤ ਬਾਰੇ ਅਸਲੀਅਤ ਲੋਕਾਂ ਤਕ ਪਹੁੰਚਾਣ ਲਈ ਅਖਬਾਰਾਂ ਵਿਚ ਲੇਖ, ਪੈਂਫਲਟ, ਸੈਮੀਨਾਰ, ਬਹਿਸਾਂ, ਮੀਟਿੰਗਾਂ, ਕਾਨਫਰੰਸਾਂ ਅਤੇ ਹੋਰ ਢੰਗ ਅਪਣਾਵੇਗਾ ।

ਗਰੁਪ ਇਹ ਸਮਝਦਾ ਹੈ ਕਿ ਜਿਵੇਂ ਸੇਹਤ ਸਮਸਿਆਵਾਂ ਦੇ ਅਸਲੀ ਕਾਰਨਾਂ ਬਾਰੇ ਜਾਣਕਾਰੀ ਲੋਕਾਂ ਵਿਚ ਜਾਏਗੀ ਚੰਗੀ ਸੇਹਤ ਲਈ ਸੰਘਰਸ਼ ਵਿਸ਼ਾਲ ਜਨਤਕ ਲਹਿਰ ਦਾ ਹੀ ਇਕ ਹਿਸਾ ਬਣ ਜਾਵੇਗਾ ।

ਡਾ. ਪ੍ਰੇਮ ਖੋਸਲਾ ਕਨਵੀਨਰ
ਪੀਪਲਜ਼ ਹੈਲਥ ਗਰੁੱਪ
ਖੋਸਲਾ ਲਾਜ ਬੀ-2/1012
ਲਹਿਲ ਕਾਲੋਨੀ ਪਟਿਆਲਾ-147001

o

## ਨਹੀਂ ਰੀਸਾਂ 'ਸਾਡੀ' ਸਰਕਾਰ ਦੀਆਂ

(ਪ੍ਰੋਫੈਸਰ ਭਾਰਦਵਾਜ਼)

### ਨੋ ਮੋਰ ਟੈਕਸ

ਭਾਵੇਂ ਹਰ ਸਾਲ ਬੱਜਟ ਪੇਸ਼ ਕਰਦੇ ਸਮੇਂ ਖਜ਼ਾਨਾ ਮੰਤਰੀ ਜੀ ਕਹਿੰਦੇ ਆ ਰਹੇ ਹਨ ਕਿ ਹੋਰ ਟੈਕਸ ਬਿਲਕੁਲ ਨਹੀਂ ਲਗਣਗੇ ਪਰੰਤੂ ਸਾਨੂੰ ਪੰਜਾਬੀਆਂ ਨੂੰ ਮਾਣ ਹੈ ਕਿ ਅਸੀਂ ਹਿੰਦੁਸਤਾਨ ਭਰ ਵਿਚੋਂ ਸਭ ਤੋਂ ਵੱਧ ਟੈਕਸ ਦਿੰਦੇ ਤਾਂ । ਸਾਨੂੰ ਫਖ਼ਰ ਹੈ ਕਿ ਅਸੀਂ ਇਕ ਮਨੀਪੁਰੀਏ/ਤ੍ਰਿਪੁਰੀਏ ਨਾਲ ਤਿੰਨ ਗੁਣਾਂ, ਅਸਾਮੀ ਜਾਂ ਬਿਹਾਰੀ ਨਾਲੋਂ ਢਾਈ ਗੁਣਾਂ, ਹਿਮਾਚਲੀ/ਕਸ਼ਮੀਰੀ ਜਾਂ ਰਾਜਸਥਾਨੀ ਨਾਲੋਂ ਦੁਗਣਾ ਅਤੇ ਇਕ ਮਦਰਾਸੀ/ ਬੰਗਾਲੀ ਜਾਂ ਕੇਰਲਾਵਾਸੀ ਨਾਲੋਂ ਡਿਉਢਾ ਟੈਕਸ ਅਦਾ ਕਰਦੇ ਹਾਂ ! ...

... ਅਤੇ ਸਾਨੂੰ ਮਾਣ ਹੈ ਕਿ ਸਾਡੇ 2448 ਸਕੂਲਾਂ ਵਿਚ ਬੱਚਿਆਂ ਦੇ ਮੀਂਹ-ਧੁੱਪ ਤੋਂ ਬਚਣ ਖ਼ਾਤਿਰ ਇਕ ਕੱਚਾ ਕੋਠਾ ਵੀ ਨਹੀਂ ...

1584 ਸਕੂਲਾਂ ਵਿਚ ਮਾਸਟਰਾਂ ਦੇ ਬੈਠਣ ਖਾਤਰ ਲਕੜੀ ਦੇ ਸਟੂਲ ਤੀਕ ਨਹੀਂ ... ਬੱਚਿਆਂ ਦੇ ਬੈਠਣ ਖ਼ਾਤਰ ਤਪੜ ਵੀ ਨਹੀਂ ... 7500 ਸਕੂਲਾਂ ਵਿਚ

ਬੱਚਿਆਂ ਨੂੰ ਸਮਝਾਉਣ ਖ਼ਾਤਰ ਇਕ ਬਲੈਕਬੋਰਡ ਤੀਕ ਨਹੀਂ ... ?

## ਹਰਿਆ ਇਨਕਲਾਬ :

ਭਾਵੇਂ ਸਾਡੇ ਪੰਜਾਬੀ ਕਿਸਾਨਾਂ ਨੇ ਸਵਾਇਆ ਅਨਾਜ ਪੈਦਾ ਕਰਕੇ, ਅਮਰੀਕਾ ਵਰਗੇ ਮੁਲਕਾਂ ਦਾ ਨੱਕ ਵੱਢ ਕੇ ਰਖ ਦਿਤਾ ਹੈ ... ਉਸ ਅਮਰੀਕਾ ਦਾ ਜੋ ਤਕਨੀਕੀ ਗਿਆਨ ਵਿਚ ਸਾਥੋਂ ਸੌ ਸਾਲ ਅਗੇ ਹੈ ... ਜਿਥੇ ਗਿਣਤੀ-ਮਿਣਤੀ ਕਰਕੇ ਬੂਟਿਆਂ ਨੂੰ ਗਰਾਮਾਂ ਵਿਚ ਪਾਣੀ ਦਿਤਾ ਜਾਂਦਾ ਹੈ ... ਪਰ ਅਜ ਵੀ 90 ਫੀਸਦੀ ਸਾਡੇ ਕਿਸਾਨ ਕਰਜ਼ੇ ਹੇਠ ਦਬੇ ਹੋਏ ਹਨ ... ਅਜ ਵੀ ਹਰ ਇਕ ਪਿੰਡ ਨੂੰ ਔਸਤਨ ਡੇਢ 2 ਲੱਖ ਕਰਜ਼ਾ ਚੁਕਣਾ ਪੈ ਰਿਹਾ ਹੈ — ਅਗਲੀ ਫਸਲ ਬੀਜਣ ਖ਼ਾਤਰ ... ਸਾਨੂੰ ਮਾਣ ਹੈ ਆਪਣੀ ਸਰਕਾਰ ਉਪਰ ਜਿਸ ਵਡੇ ਵਡੇ ਦੀਵਾਰੀ-ਇਸ਼ਤਿਹਾਰਾਂ ਵਿਚ ਪੰਜਾਬ ਦੇ 12 ਹਜ਼ਾਰ ਪਿੰਡਾਂ ਵਿਚ 200 ਕਰੋੜ ਰੁਪਏ ਬਤੌਰ ਕਰਜ਼ਾ ਵਡਨ ਦਾ ਐਲਾਨ ਬੜੇ ਫ਼ਖ਼ਰ ਨਾਲ ਕਰ ਰਹੀ ਹੈ ...?

## ਮਹਿੰਗਾਈ ਘਟ ਰਹੀ ਹੈ :

ਭਾਵੇਂ ਅਸੀਂ ਆਪਣੇ ਖਾਣ ਨਾਲੋਂ ਸੱਤ ਗੁਣਾਂ ਫਾਲਤੂ ਅਨਾਜ ਪੈਦਾ ਕਰ ਰਹੇ ਹਾਂ ਅਤੇ ਸਤਿਨਾਮ ਕਹਿ ਕੇ 110 ਰੁਪਏ ਕਵਿੰਟਲ ਵੇਚੀ ਕਣਕ ਦਾ ਆਟਾ 220 ਰੁਪਏ ਬੋਰੀ ਖ਼ਰੀਦੀ ਜਾ ਰਹੇ ਹਾਂ ... ਸੋਨਾ 700 ਤੋਂ 1700 ਅਤੇ ਸਟੀਲ 1400 ਤੋਂ 4400 ਹੋ ਗਿਆ ਹੈ ...

## ਹੰਡਰਡ ਫੀਸਦੀ ਰੂਰਲ ਅਲੈਕਟ੍ਰੀਫੀਕੇਸ਼ਨ

ਏਸ਼ੀਆ ਭਰ ਵਿਚੋਂ ਵੱਡਾ ਡੈਮ — ਭਾਖੜਾ ਡੈਮ, ਸਾਡੇ ਪੰਜਾਬ ਵਿਚ ਹੀ ਹੈ ਅਤੇ ਸਾਨੂੰ ਮਾਣ ਹੈ ਕਿ ਸੂਬਾ 'ਖੁਸ਼ਹਾਲ' ਵਿਚ ਅਜ਼ਾਦੀ ਦੇ 34 ਸਾਲਾਂ ਬਾਦ ਵੀ ਹਾਲੇ 34% ਘਰਾਂ ਵਿਚ ਬਿਜਲੀ ਦੀ ਕਿਰਨ ਤੀਕ ਨਹੀਂ ਪਹੁੰਚੀ !

## ਪੰਜ-ਆਬ

ਸਾਨੂੰ ਇਸ ਗੱਲ ਦਾ ਵੀ ਫ਼ਖਰ ਹੈ ਕਿ ਸਾਡਾ ਜਨਮ ਦੁਨੀਆਂ ਦੇ ਉਸ ਬੇਹਤਰੀਨ ਹਿਸੇ ਵਿਚ ਹੋਇਆ ਹੈ ਜਿਥੇ ਪੰਜ-ਦਰਿਆ ਵਗਦੇ ਹਨ ਪਰ ਇਹ ਵੱਖਰੀ ਗੱਲ ਹੈ ਕਿ ਸਾਡੇ 1800 ਪਿੰਡਾਂ ਵਿਚ ਮੀਲ ਮੀਲ ਅੰਦਰ ਪਾਣੀ ਦੀ ਇਕ ਬੂੰਦ ਨਹੀਂ ਲਭਦੀ ...

## ਬੇਹਤਰ ਪ੍ਰਬੰਧ :

ਸਾਨੂੰ ਮਾਣ ਹੈ ਕਿ ਅੱਜ ਅਸੀਂ ਅੱਧੇ ਹਿੰਦੁਸਤਾਨ ਦੇ ਖਾਣਯੋਗਾ ਅਨਾਜ਼ ਪੈਦਾ ਕਰ ਰਹੇ ਹਾਂ ਜੋ ਮੰਡੀਆਂ ਵਿਚ ਬੋਰੀਆਂ ਖੁਣੋ, ਸਟੇਸ਼ਨਾਂ ਉਪਰ ਵੈਗਨਾਂ ਖੁਣੋ ਅਤੇ ਰੜੇ-ਮੈਦਾਨੀ ਗੁਦਾਮਾ ਖੁਣੋ ਰੁਲਦਾ ਰਹਿੰਦਾ ਹੈ ... ਦੂਸਰੇ ਪ੍ਰਾਂਤਾਂ ਨੂੰ 60 ਲੱਖ ਟਨ ਕਣਕ ਸਪਲਾਈ ਕਰਨ ਵਾਲਿਆਂ ਦੇ ਆਪਣੇ ਸ਼ਹਿਰਾਂ ਅੰਦਰ ਬਿਸਕੁਟ ਅਤੇ ਡਬਲਰੋਟੀ ਬਨਾਉਣ ਵਾਲੀਆਂ ਫੈਕਟਰੀਆਂ ਮੈਦੇ ਖੁਣੋ ਬੰਦ ਹੋ ਜਾਂਦੀਆਂ ਹਨ (ਰਾਜਪੁਰਾ) ... ਕਈ ਸੈਂਕੜੇ-ਹਜ਼ਾਰ ਗੁੰਡੇ, ਬਲੈਕੀਏ, ਸਮਗਲਰ ਗ੍ਰਿਫਤਾਰ ਕਰਨ ਮਗਰੋਂ ਮੁੱਖ ਮੰਤਰੀ ਨੂੰ ਕਤਲ ਕਰ ਦੇਣ ਦੀਆਂ ਧਮਕੀਆਂ ਆਈ ਜਾ ਰਹੀਆਂ ਹਨ ...

## ਵਿਦਿਆ ਭਵਨ ਬਨਾਮ ਸੁਧਾਰ ਘਰ :

ਭਾਵੇਂ ਸਾਡੀਆਂ ਸੂਬਾ ਸਰਕਾਰਾਂ 1979-81 ਦੇ ਦੋ ਸਾਲਾਂ ਦੁਰਾਨ 13000 ਪ੍ਰਾਇਮਰੀ ਸਕੂਲਾਂ ਵਿਚ ਪੜ੍ਹ ਰਹੇ 21 ਲੱਖ ਬੱਚਿਆਂ ਲਈ ਹੋਰ ਬਿਲਡਿੰਗਾਂ ਬਨਾਉਣ ਖ਼ਾਤਰ ਸਿਰਫ 120 ਲੱਖ ਹੀ ਕੱਢ ਸਕੀ ਪਰ ਸਾਨੂੰ ਮਾਣ ਹੈ ਕਿ ਸਾਡੀ ਹਿਫਾਜ਼ਤ ਖ਼ਾਤਰ 210 ਲੱਖ ਰੁਪਏ ਪੁਲਿਸ ਸਟੇਸ਼ਨ ਅਤੇ ਜੇਲ੍ਹਾਂ ਦੀਆਂ ਇਮਾਰਤਾਂ ਬਨਾਉਣ ਖ਼ਾਤਰ ਕੀਤੇ ਹੀ ਹਨ।

## ਸਰਕਾਰੀ ਖਰਚਿਆਂ ਵਿਚ ਕਮੀ :

ਚੰਡੀਗੜ੍ਹ ਵਿਖੇ ਸੂਝਵਾਨ ਗਵਰਨਰ ਸਾਹਿਬ ਦੇ ਉਦਮ ਸਦਕਾ ਇਕੋ ਹੀ (ਬੇਲੋੜੇ) ਵਿੱਦਿਆ ਭਵਨ ਤੇ 7500000 ਰੁਪਏ ਖਰਚ ਕੀਤੇ ਜਾ ਰਹੇ ਹਨ—ਜਿਸਦਾ ਉਦਘਾਟਨ ਕਰਨ ਸਾਡੇ ਦੇਸ਼ ਦੇ ਰਾਸ਼ਟਰਪਤੀ (ਸਧਾਰਣ ਕਿਸਾਨ) ਦਿੱਲੀ ਤੋਂ ਸਾਲਮ ਹਵਾਈ ਜਹਾਜ਼ ਤੇ ਆਏ ਸਨ—ਜਿਨ੍ਹਾਂ ਦੀ ਹਿਫਾਜ਼ਤ ਲਈ ਢਾਈ-ਤਿੰਨ ਹਜ਼ਾਰ ਪੁਲੀਸ ਵਾਲੇ ਤਾਂ ਕੇਵਲ ਚੰਡੀਗੜ੍ਹ ਵਿਚ ਹੀ ਨਿਯੁੱਕਤ ਕਰਨੇ ਪਏ ਸਨ—ਦਿੱਲੀ ਤੋਂ ਲੈ ਕੇ ਚੰਡੀਗੜ੍ਹ ਦੇ 200 ਮੀਲ ਦੇ ਰਸਤੇ ਉਪਰ ਜੋ ਸੈਂਕੜੇ ਪੁਲਿਸ ਵਾਲੇ ਹੋਰ ਟੰਗਣੇ ਪਏ, ਉਨ੍ਹਾਂ ਦਾ ਕੋਈ ਹਿਸਾਬ ਹੀ ਨਹੀਂ— ਤੇ ਪੰਜਾਬ ਸਰਕਾਰ ਨੇ 1979-81 ਦੇ ਦੋ ਸਾਲਾਂ ਦੁਰਾਨ ਹੀ ਸਰਕਟ ਹਾਊਸਾਂ, ਰੈਸਟ ਹਾਊਸਾਂ, ਗੈਸਟ ਹਾਊਸਾਂ, ਪੰਜਾਬ ਭਵਨਾਂ (ਡਾਕ ਬੰਗਲਿਆਂ) ਆਦਿ ਤੇ ਸੁਖੀ ਸਾਂਦੀ ਸਿਰਫ 152 ਲੱਖ ਖਰਚੇ !!

## ਸਮਾਜ ਸੁਧਾਰ :

ਸਾਨੂੰ ਮਾਣ ਹੈ ਕਿ ਅਸੀਂ ਸਿਧੇ ਅਤੇ ਅਸਿਧੇ ਟੈਕਸਾਂ ਰਾਹੀਂ, 1979-80 ਦੁਰਾਨ, ਸਰਕਾਰ ਨੂੰ 216 ਰੁਪਏ ਪ੍ਰਤੀ ਪੰਜਾਬੀ ਦੇ ਹਿਸਾਬ 3500000000 (ਸਾਢੇ ਤਿੰਨ ਅਰਬ) ਰੁਪਏ ਬਤੌਰ ਟੈਕਸ ਦਿਤੇ ਜਿਸ ਵਿਚੋਂ ਵਿਧਵਾਵਾਂ-ਯਤੀਮਾਂ ਉਪਰ, ਬੇ-ਸਹਾਰਾ ਬੱਚਿਆਂ ਅਤੇ

ਨਿਆਸਰਾ ਬਜ਼ੁਰਗਾਂ ਖਾਤਰ ਅੰਗਹੀਣ ਅਤੇ ਜੋਤੀਹੀਨ ਇਨਸਾਨਾਂ ਉਪਰ, ਸਮਾਜ ਵਲੋਂ ਪਛਾੜੀਆਂ ਹੋਈਆਂ ਔਰਤਾਂ ਲਈ, ਸਾਬਕਾ ਫੌਜੀਆਂ ਅਤੇ ਹੋਰ ਇਸਤਰੀ-ਭਲਾਈ ਦੀਆਂ ਸਕੀਮਾਂ ਆਦਿ ਤੇ ਕੁਲ 1/4 ਫੀ ਸਦੀ (ਸੌ ਰੁਪਏ ਟੈਕਸ ਵਿਚੋਂ ਚਵਾਨੀ) ਭਾਵ 80 ਲੱਖ ਰੁਪਏ ਲੋਕ-ਹਿਤੈਸ਼ੀ ਬੱਜਟ ਵਿਚ ਰਾਖਵੇਂ ਕੀਤੇ ਗਏ ਸਨ !!!

## ਵਿਤਕਰਾ :

ਬੀਨਡੈਮ ਲਗ ਪਗ ਉਦੋਂ ਤੋਂ ਹੀ ਲਟਕਦਾ ਆ ਰਿਹਾ ਹੈ ਜਦੋਂ ਤੋਂ ਸ੍ਰੀ ਮਤੀ ਇੰਦਰਾ ਗਾਂਧੀ ਜੀ ਗੱਦੀ ਤੇ ਪਧਾਰੇ ਹਨ, (1966

ਸੂਬੇ ਦੇ ਮੁੱਖ-ਮੰਤਰੀ ਸਮੱਗਲਰਾਂ ਬਲੈਕੀਆਂ ਨੂੰ ਅੰਦਰ ਕਰਨ ਤੇ ਉਨ੍ਹਾਂ ਵਲੋਂ ਧਮਕੀਆਂ ਪ੍ਰਾਪਤ ਕਰ ਰਹੇ ਹਨ-ਸੈਂਟਰ ਸਰਕਾਰ ਬਲੈਕੀਆਂ ਨੂੰ ਕਾਲਾ ਧੰਨ, ਚਿੱਟਾ ਕਰਨ ਦੇ ਲਾਈਸੈਂਸ ਦੇ ਰਹੀ ਹੈ...?

ਪਿਛਲੇ ਸਾਲ ਦੋ ਰੁਪਏ ਕਿਲੋ ਬਣੀ ਖੰਡ 12 ਰੁਪਏ ਵਿਕਦੀ ਰਹੀ—ਇੰਦਰਾ ਜੀ ਨੇ ਆਪਣੇ ਆਪ (Voluntarily) ਕਿਸਾਨਾਂ ਖਾਤਰ ਗੰਨੇ ਦੀ ਕੀਮਤ ਸਾਢੇ ਬਾਰਾਂ ਤੋਂ ਤੇਰਾਂ ਰੁਪਈਏ ਪ੍ਰਤੀ ਕਵਿੰਟਲ ਕਰਕੇ, ਧੇਲੀ ਕਵਿੰਟਲ ਦਾ ਵਾਧਾ ਕਰ ਦਿਤਾ—ਕਿਸਾਨਾਂ ਨੇ ਏਕੇ ਦੇ ਬਲ ਤੇ ਹਿੱਕ ਦੇ ਜ਼ੋਰ ਤੇਰਾਂ ਤੋਂ ਛੱਬੀ ਰੁਪਏ ਕਵਿੰਟਲ ਦੇ ਕਰਵਾ ਲਏ—ਦਿੱਲੀ ਵਿਚ ਨਾਹਰੇ ਲਗ ਰਹੇ ਸਨ—ਇੰਦਰਾ ਜੀ ਜਹਾਂ ਜਹਾਂ—ਕਿਸਾਨ ਵਹਾਂ ਵਹਾਂ—ਇੰਦਰਾ ਜੀ ਕੇ ਹਾਥ—ਕਿਸਾਨ ਕੇ ਹਾਥ ???

## ਫਰਕ:—

ਪਹਿਲਾਂ ਆਏ ਦੋਸਤ-ਮਿੱਤਰਾਂ ਨੂੰ ਅਗਰ ਚਾਹ ਨਹੀਂ ਸੀ ਪੁਛਦੇ ਤਾਂ ਉਹ ਗੁੱਸਾ ਕਰਦੇ ਸਨ ਕਿ ਚਾਹ ਵੀ ਨਹੀਂ ਪੁਛੀ—ਹੁਣ ਜੇ ਆਏ ਮਹਿਮਾਨਾਂ ਨੂੰ ਚਾਹ ਪੁਛਦੇ ਹਾਂ ਤਾਂ ਉਹ ਮਖੌਲ ਸਮਝਦੇ ਹਨ, ਕਿਉਂਕਿ ਦੋ ਚਾਰ ਦੋਸਤਾਂ ਲਈ ਫੋਕੀ ਚਾਹ ਮੰਗਾਉਣ ਤੇ ਹੀ ਢਾਈ-ਤਿੰਨ ਰੁਪਏ ਖਰਚ ਆ ਜਾਂਦੇ ਹਨ ਅਤੇ ਉਨ੍ਹਾਂ ਕੋਲੋਂ ਸਾਡੀ ਅਮੀਰੀ ਗੁਝੀ ਨਹੀਂ ਹੁੰਦੀ—ਸੂਬੇ ਵਿਚ ਦੁੱਧ ਸਾਰਿਆਂ ਪ੍ਰਾਂਤਾਂ ਨਾਲੋਂ ਵਧ ਹੁੰਦਾ ਹੈ—ਖੰਡ ਕਾਰਖਾਨਿਆਂ ਕੋਲੋਂ ਗੰਨਾ ਪੀੜਿਆ ਨਹੀਂ ਜਾ ਰਿਹਾ—ਦੁਨੀਆਂ ਭਰ ਨੂੰ ਚਾਹ ਪੱਤੀ ਅਸੀਂ ਸਪਲਾਈ ਕਰਦੇ ਹਾਂ—ਭੱਠੀਆਂ ਤੇ ਬਾਲਣ ਵਾਲਾ ਕੋਲੇ ਦੇ ਭੰਡਾਰ ਸਾਰੇ ਹਿੰਦੁਸਤਾਨ ਕੋਲੋਂ ਆਉਣ ਵਾਲੇ 200 ਸਾਲਾਂ ਵਿਚ ਨਹੀਂ ਮੁਕਣ ਲਗੇ—

## ਫਖਰ :—

ਸਮੁੱਚੇ ਭਾਰਤ ਵਿਚ 700 ਮਿਲੀਅਨ ਦੇ ਕਰੀਬ ਇਨਸਾਨ ਰਹਿੰਦੇ ਹਨ, ਜਿਨ੍ਹਾਂ ਵਿਚੋਂ ਅੱਧਾ ਫੀ ਸਦੀ—4 ਮਿਲੀਅਨ ਇਨਕੰਮ ਟੈਕਸ ਭਰਦੇ ਹਨ। ਇਸ ਦਾ ਭਾਵ ਕਿ 200 ਭਾਰਤੀਆਂ ਵਿਚੋਂ ਇਕ ਅਮੀਰ ਆਦਮੀ ਹੈ—ਸੋ ਬਾਬਤ ਤਾਂ ਸਰਕਾਰ ਵੀ ਮੰਨਦੀ ਹੈ ਕਿ ਉਹ ਗਰੀਬੀ ਰੇਖਾ ਤੋਂ ਹੇਠਾਂ ਹਨ ਅਤੇ ਬਾਕੀ 99 ਹਿੰਦੁਸਤਾਨੀਆਂ ਨੂੰ ਇਹ ਭੁਲੇਖਾ ਹੀ ਹੈ ਕਿ ਉਹ ਗਰੀਬੀ ਰੇਖਾ ਤੋਂ ਉਪਰ ਹਨ—

ਇਨ੍ਹਾਂ ਅਮੀਰਾਂ ਵਿਚੋਂ ਇਕ ਮੈਂ ਵੀ ਹਾਂ—ਇਕ ਵਡੇ ਕਾਲਜ ਦਾ ਪ੍ਰੋਫੈਸਰ ਜਿਸਦੇ 22 ਤਰੀਕ ਨੂੰ ਹੀ ਭਾਂਡੇ ਮੂਧੇ ਵਜ ਜਾਂਦੇ ਹਨ, (ਵੈਸੇ ਸਾਡੇ ਕਾਲਜ ਸੁਖ ਨਾਲ ਤਨਖਾਹ ਵੀ 21 ਤਰੀਕ ਨੂੰ ਹੀ ਮਿਲਦੀ ਹੈ—ਪਰ ਮੈਂ ਗਰੀਬੀ ਰੇਖਾ ਤੋਂ ਉਪਰ ਹਾਂ—ਮੈਂ ਤਾਂ ਭਾਵੇਂ ਇਹ ਗਲ ਨਹੀਂ ਮੰਨਦਾ ਪਰ ਸਰਕਾਰ ਵਲੋਂ ਮੈਨੂੰ ਬਾਰ ਬਾਰ ਇਹੀ ਯਕੀਨ ਦਵਾਇਆ ਜਾ ਰਿਹਾ ਹੈ—ਰੱਬ ਨਾ ਕਰੇ ਕਲ ਨੂੰ ਮੇਰੀ ਨੌਕਰੀ ਚਲੀ ਜਾਵੇ (ਵੈਸੇ ਖੁਦਾ ਕਰੇ ਨਾ ਕਰੇ—'ਡੈਮੋਕਰੈਟਿਕ' ਸਰਕਾਰ ਨੇ ਨੈਸ਼ਨਲ ਸਿਕਿਉਰਟੀ ਐਕਟ ਹੋਰ ਕਿਨਾਂ ਖਾਤਰ ਬਣਾਇਆ ਹੈ—? ਅਤੇ ਮੈਂ "ਸਰਕਾਰੀ ਗਰੀਬੀ ਰੇਖਾ" ਤੋਂ ਹੇਠਾਂ ਆ ਜਾਵਾਂ ਤਾਂ ਜਾਣਦੇ ਹੋ, ਮੈਂ 60 ਰੁਪਏ ਮਹੀਨਾ ਭਾਵ 2 ਰੁਪਏ ਰੋਜ਼ਾਨਾ ਕਿਸ ਤਰ੍ਹਾਂ ਖਰਚ ਕਰਿਆ ਕਰਾਂਗਾ—

ਦਸ ਰੁਪਈਏ ਮਹੀਨੇ ਤੇ ਕਮਰਾ ਕਿਰਾਏ ਤੇ ਲਵਾਂਗਾ ਭਈਆਂ ਨਾਲ ਰਲ ਕੇ, 6 ਰੁਪਈਏ ਮਹੀਨਾ ਕੱਛੇ ਬਨੈਣ ਦਾ ਅਲਾਊਂਸ ਰਖਾਂਗਾ—ਹੋ ਗਏ ਦਸ ਤੇ ਛੇ ਸੋਲ੍ਹਾਂ। ਚਾਰ ਰੁਪਈਏ ਹਫਤੇ ਦਾ ਇਹ ਖਰਚਾ ਕਢ ਕੇ ਬਾਕੀ ਦਸ ਰੁਪਈਆਂ ਵਿਚੋਂ ਦੋ ਰੁਪਏ ਰੋਜ਼ਾਨਾ ਖਰਚ ਕੇ ਹਫਤਾ ਇਸ ਤਰ੍ਹਾਂ ਲੰਘਾਵਾਂਗਾ:—

ਸੋਮਵਾਰ—ਬੈੱਡ ਟੀ (ਨਾਲ ਅਧੀ ਬਾਸੀ ਡਬਲਰੋਟੀ)
ਮੰਗਲਵਾਰ—ਨਾਸ਼ਤਾ
ਬੁਧਵਾਰ—ਲੰਚ
ਵੀਰਵਾਰ—ਸ਼ਾਮ ਦੀ ਚਾਹ ਦੇ ਇਕ ਕੱਪ ਨਾਲ 50 ਗਰਾਮ ਸਲ੍ਹਾਬੇ ਮਟਰ
ਸ਼ੁਕਰਵਾਰ—ਡਿਨਰ
ਸ਼ਨਿਚਰਵਾਰ—ਵਰਤ
ਐਤਵਾਰ—ਦੁਖ-ਨਿਵਾਰਨ ਗੁਰੂਦੁਆਰੇ...???

# ਇਹ ਹਮਾਰਾ ਜੀਵਣਾ

ਗੁਰਸ਼ਰਨ ਸਿੰਘ

---

## 1. ਗੱਲ ਅੱਗੇ ਤੁਰਦੀ ਹੈ : (ਸਾਹਿਤਕ ਪਿੜ ਵਿਚ)

ਜਨਵਰੀ 81, ਸਮਤਾ ਦੇ ਇਸ ਕਾਲਮ ਵਿਚ ਮੈਂ ਗੁਰਪਾਲ ਲਿੱਟ ਅਤੇ ਮੋਹਣ ਲਾਲ ਦੀਆਂ ਕ੍ਰਿਤਾਂ ਦਾ ਜ਼ਿਕਰ ਕਰਦੇ ਹੋਏ ਇਕ ਟਿੱਪਣੀ ਕੀਤੀ ਸੀ ਕਿ ਲੇਖਕ ਅਜ ਦੇ ਸਮਾਜ ਦੇ ਦੁਖਾਂ ਦੀ ਜ਼ਿਮੇਂਵਾਰ ਬਿਮਾਰੀ ਨੂੰ ਪਛਾਣਦੇ ਹਨ, ਪਰ ਉਹ ਜਾਣ ਬੁੱਝਕੇ ਕੋਸ਼ਿਸ਼ ਕਰਕੇ ਇਸ ਬਿਮਾਰੀ ਦਾ ਨਾਂ ਨਹੀਂ ਲੈਂਦੇ, ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਆਲੋਚਕ ਉਹਨਾਂ ਦੀਆਂ ਕਿਰਤਾਂ ਨੂੰ ਨਾਅਰੇ ਦਾ ਨਾਮ ਨਾਂ ਦੇ ਦੇਣ। ਇਸ ਪ੍ਰਸੰਗ ਵਿਚ ਸਿਰਜਣਾ ਦੇ ਸੰਪਾਦਕ ਰਘਬੀਰ ਸਿੰਘ ਦਾ ਨਾਂ ਖਾਸ ਤੌਰ ਤੇ ਲਿਆ ਸੀ। ਇਹ ਨਾਂ ਲਿਆ ਹੀ ਤਾਂ ਸੀ ਕਿਉਂਕਿ ਮੈਂ ਗੰਭੀਰ ਅਤੇ ਚੰਗੇ ਪੰਜਾਬੀ ਸਾਹਿਤ ਦੀ ਸਥਾਪਨਾ ਵਿਚ ਸਿਰਜਣਾ ਦੀ ਬਹੁ ਮੁੱਲੀ ਦੇਣ ਨੂੰ ਸਵੀਕਾਰ ਕਰਦਾ ਸਾਂ। ਮੈਂ ਇਸ ਪ੍ਰਸੰਗ ਵਿਚ ਕਿਸੇ ਫੈਸ਼ਨੀ ਆਲੋਚਕ ਦਾ ਨਾਂ ਨਹੀਂ ਸੀ ਲਿਆ, ਜਿਹੜੇ ਕਿਸੇ ਵੀ ਕਿਤਾਬ ਦਾ ਰੀਵੀਊ ਕਰਦੇ ਹੋਣ ਭਾਵੇਂ ਉਹ ਵਰਿਆਮ ਸੰਧੂ ਦੀ ਹੋਵੇ, ਭਾਵੇਂ ਪ੍ਰੇਮ ਗੋਰਖੀ ਦੀ ਹੋਵੇ ਤੇ ਭਾਵੇਂ ਰਾਮਸਰੂਪ ਅਣਖੀ ਦੀ ਹੋਵੇ, ਪਹਿਲੀ ਗੱਲ ਘੜੇ ਘੜਾਏ ਫੈਸ਼ਨੀ ਢੰਗ ਨਾਲ ਇਸ ਤਰ੍ਹਾਂ ਕਰਨਗੇ : "ਪਾਤਰਾਂ ਦੀ ਅੰਦਰਲੀ ਪੀੜ ਨੂੰ ਸਮਾਜਕ ਯਥਾਰਥ ਦੇ ਪ੍ਰਸੰਗ ਵਿਚ ਬਿਨਾਂ ਕਿਸੇ ਉੱਚੀ ਸੁਰ ਜਾਂ ਨਾਅਰੇ ਦੇ ਨਿਭਾਇਆ ਹੈ।"

ਇਹਨਾਂ ਦਾ ਨਜ਼ਰਾਂ ਵਿਚ ਜ਼ਿੰਦਗੀ ਦਾ ਕੋਈ ਲੱਕਸ਼ ਉਲੀਕਣਾ ਨਾਅਰਾ ਹੈ ਅਤੇ ਇਹ ਸਾਹਿਤ ਲਈ ਗਾਹਲ ਹੈ। ਇਨ੍ਹਾਂ ਫੈਸ਼ਨੀ ਆਲੋਚਕਾਂ ਦੀ ਪ੍ਰਸ਼ੰਸਾ ਜਾਂ ਆਲੋਚਨਾ ਸਾਡੇ ਲੇਖਕਾਂ ਲਈ ਕੋਈ ਖਾਸ ਮਹੱਤਤਾ ਨਹੀਂ ਰਖਦੀ ਕਿਉਂਕਿ ਇਹ ਆਲੋਚਕ ਸਾਹਿਤ ਦੇ ਕਲਿਆਨਕਾਰੀ ਕਰਤੱਵ ਨੂੰ ਬੁਨਿਆਦੀ ਤੌਰ ਤੇ ਮੰਨਦੇ ਹੀ ਨਹੀਂ। ਸਿਰਜਣਾ ਦੇ ਸੰਪਾਦਕ ਦਾ ਨਾਂ ਵਿਸ਼ੇਸ਼ ਤੌਰ ਤੇ ਗੱਲ ਨੂੰ ਅੱਗੇ ਤੋਰਨ ਅਤੇ ਕੁਝ ਸਿੱਟੇ ਕਢਣ ਦੇ ਨਿਸ਼ਾਨੇ ਨੂੰ ਮੁੱਖ ਰੱਖਕੇ, ਲਿਆ ਗਿਆ ਸੀ ਕਿਉਂਕਿ ਮੈਂ ਜਾਣਦਾ ਹਾਂ ਕਿ ਉਹ ਇਕ ਸਾਹਿਤਕਾਰ ਦੇ ਸਮਾਜ ਵਲ ਫਰਜ਼ ਨੂੰ ਭਲੀ ਪਰਕਾਰ ਪਛਾਣਦਾ ਹੈ। ਖੁਸ਼ੀ ਹੈ ਕਿ ਸਿਰਜਣਾ (ਜਨਵਰੀ—ਮਾਰਚ 1981) ਅੰਕ ਵਿਚ ਇਹ ਗੱਲ ਬਾਤ ਅੱਗੇ ਤੁਰੀ ਹੈ। ਸਿਰਜਣਾ ਦੇ ਇਸ ਅੰਕ ਵਿਚ ਇਸ ਵਿਸ਼ੇ ਤੇ ਸੰਪਾਦਕੀ ਨੋਟ ਅਤੇ ਸੁਰਜੀਤ ਗਿੱਲ ਅਤੇ ਹਰਭਜਨ ਹੁੰਦਲ ਦੀਆਂ ਚਿੱਠੀਆਂ ਛਪੀਆਂ ਹਨ। ਹਰਭਜਨ ਹੁੰਦਲ ਦੀ ਚਿੱਠੀ ਵਿਚ ਤਾਂ ਨਿਰਾ ਕੋਹੜ ਹੀ ਭਰਿਆ ਹੈ। ਪਤਾ ਨਹੀਂ ਹੁੰਦਲ ਦਾ ਨਿੱਜੀ ਤੌਰ ਤੇ ਕਿਹੜੇ ਨਕਸਲੀਆਂ ਨਾਲ ਵਾਹ ਪਿਆ ਹੈ ਕਿ ਉਹ ਪਿਛਲੇ ਦੱਸ ਸਾਲਾਂ ਤੋਂ ਆਪਣੀ ਕਵਿਤਾ ਵਿਚ ਆਪਣੇ ਹਰ ਬੋਲ ਵਿਚ, ਆਪਣੀ ਹਰ ਗੁਫਤਗੂ ਵਿਚ ਇਹ ਕੋੜ ਹੀ ਜ਼ਾਹਰ ਕਰਦਾ ਹੈ ਭਾਵੇਂ ਉਹ ਐਮਰਜੈਂਸੀ ਦੇ ਸਿਲਸਲੇ ਵਿਚ ਜਾਂ ਟੀਚਰਾਂ ਦੇ ਅੰਦੋਲਨ ਦੇ ਸਿਲਸਲੇ ਵਿਚ ਜੇਲ 'ਚ ਹੋਵੇ, ਕਿਸੇ ਸਾਹਿਤਕ ਬੈਠਕ 'ਚ ਹੋਵੇ ਜਾਂ ਕਵਿਤਾ ਰਚਣ ਦੀ ਸਥਿਤੀ ਵਿਚ ਹੋਵੇ। ਆਪਣੀ ਚਿਠੀ ਵਿਚ ਕੋੜ ਦੱਸਦਾ ਹੋਇਆ, ਉਸ ਨੇ ਆਖਰੀ ਲਾਈਨ ਵਿਚ ਲਿਖਿਆ ਹੈ 'ਗੁਰਸ਼ਰਨ ਸਿੰਘ ਵਰਗੇ ਭਾਵੁਕ ਵਿਯਕਤੀ ਨੇ (ਇਹੋ ਜਿਹਾ ਮੱਸਲਾ ਛੇੜਕੇ) ਕੋਈ ਨਾਂ ਕੋਈ ਰੁਝੇਵਾਂ ਤੇ ਬਣਾਈ ਹੀ ਰਖਣਾ ਹੈ।' ਮੈਂ ਆਪਣੇ ਦੋਸਤ ਨੂੰ ਹੁਣ ਦਸ ਹੀ ਦੇਵਾਂ ਕਿ ਇਹ ਰੁਝੇਵਾਂ ਕੋਈ ਮੇਰੇ ਲਈ ਦਮਾਗੀ ਅਯਾਸ਼ੀ ਨਹੀਂ। ਮੈਂ ਕਮਿਊਨਿਸਟ ਲਹਿਰ ਵਿਚ ਪਿਛਲੇ 37 ਸਾਲ ਤੋਂ ਕੰਮ ਕਰ ਰਿਹਾ ਹਾਂ। ਪੰਜਾਬ ਵਿਚ 1943 ਵਿਚ 14 ਸਾਲ ਦੀ ਉਮਰ 'ਚ ਹੀ ਮੈਂ ਪਾਰਟੀ ਦਾ ਸਾਰਿਆਂ ਨਾਲੋਂ ਛੋਟੀ ਉਮਰ ਦਾ ਕਾਰਡ ਹੋਲਡਰ ਸਾਂ। ਮੈਂ ਆਪਣੀ ਸਾਰੀ ਜ਼ਿੰਦਗੀ ਦੀ ਕਮਾਈ ਇਸ ਲਹਿਰ ਤੇ ਲਾਈ ਹੈ। ਭਾਖੜਾ ਨੰਗਲ ਪ੍ਰਾਜੈਕਟ ਤੇ ਇਕ ਵਡਾ ਅਸਰ ਹੁੰਦਿਆਂ ਵੀ ਮੀਲਾਂ ਮੋਢਿਆਂ ਤੇ ਬੈਟਰੀ ਤੇ ਮਾਈਕ ਦਾ ਸਮਾਨ ਚੁੱਕਕੇ ਪਹਾੜੀ ਨਾਲਿਆਂ ਵਿਚ ਸਫਰ ਕੀਤਾ ਹੈ ਤਾਂ ਜੋ ਲਹਿਰ ਦਾ ਸੁਨਿਹਾ ਦੂਰ ਦੁਰਾਡੇ ਪਿੰਡਾਂ ਵਿਚ ਪੁਚਾ ਸਕਾਂ। ਲਹਿਰਾਂ ਦੇ ਅੰਦਰ ਤੇ ਬਾਹਰ ਹਮੇਸ਼ਾਂ ਵਿਚਾਰਾਂ ਦੀ ਲੜਾਈ ਲੜੀ ਹੈ। ਇਸ ਲਈ ਕੋਈ ਵੀ ਟਿਪਣੀ ਮੈਂ ਕੁਰਸੀ ਤੇ ਬੈਠੇ ਕਿਸੇ ਬੁੱਧੀਜੀਵੀ ਵਾਂਗ ਨਹੀਂ ਕਰ ਰਿਹਾ। ਮੈਂ ਇਸ ਲਹਿਰ ਦਾ ਹਿੱਸਾ ਹਾਂ ਤੇ ਕੁਝ ਦਾਅਵਾ ਬੰਨ੍ਹਕੇ ਇਹ ਗੱਲਾਂ ਕਰਦਾ ਹਾਂ। ਵਿਚਾਰਾਂ ਦੀ ਗੁਫਤਗੂ ਵਿਚ ਸਾਡੇ ਸਾਰਿਆਂ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਇਕ ਦੂਸਰੇ ਨੂੰ ਪਛਾਣੀਏ ਤੇ ਗੱਲ ਜ਼ਾਤ ਤੋਂ ਕੱਢ ਕੇ ਸਿਧਾਂਤ ਤੇ ਲਿਆਕੇ ਖੜੀ ਕਰੀਏ। ਮੈਂ ਹੁੰਦਲ ਨੂੰ ਇਕ ਸੁਹਿਰਦ ਸੰਗਰਾਮੀਆਂ ਸਮਝਦੇ ਹੋਏ ਇਹ ਗੱਲ ਕਰ ਰਿਹਾ ਹਾਂ ਅਤੇ ਪੂਰੇ ਸਤਿਕਾਰ ਨਾਲ ਕਰ ਰਿਹਾ ਹਾਂ।

ਸੁਰਜੀਤ ਗਿੱਲ ਨੇ ਸਿਰਜਣਾ ਵਿਚ ਲਿਖੀ ਇਸ ਆਪਣੀ ਚਿੱਠੀ ਵਿਚ ਉਸ ਸਟੈਂਡ ਤੋਂ ਬਿਲਕੁਲ ਉਲਟ ਸਟੈਂਡ ਲਿਆ ਹੈ, ਜੋ ਆਮ ਤੌਰ ਤੇ ਉਹ ਮੇਰੇ ਨਾਟਕਾਂ ਦੀ ਆਲੋਚਨਾ ਵਿਚ ਹਮੇਸ਼ਾਂ ਲੈਂਦਾ ਰਿਹਾ ਹੈ। ਇਸ ਆਲੋਚਨਾ ਵਿਚ ਗਿੱਲ ਹਮੇਸ਼ਾਂ ਇਤਰਾਜ਼ ਉਠਾਂਦਾ ਰਿਹਾ

ਹੈ ਕਿ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਵਡੀ ਕਮਜ਼ੋਰੀ ਹੈ ਕਿ ਉਹ ਵਕਤੀ ਤੌਰ ਤੇ ਭਾਵੇਂ ਦਰਸ਼ਕਾਂ ਨੂੰ ਭਾਵਕ ਬਣਾਂਦੇ ਹਨ ਪਰ ਉਹ ਸੰਘਰਸ਼ ਵਲ ਪ੍ਰੇਰਦੇ ਨਹੀਂ ਉਹਨਾਂ ਵਿਚ ਮਾਰਗ ਦਰਸ਼ਨ ਨਹੀਂ। ਮੇਰੇ ਨਾਟਕ ਪ੍ਰੇਰਦੇ ਹਨ ਜਾਂ ਨਹੀਂ, ਇਹ ਇਕ ਵੱਖਰਾ ਬਹਿਸ ਦਾ ਵਿਸ਼ਾ ਹੈ, ਪਰ ਆਪਣੀ ਚਿਠੀ ਵਿਚ ਜਿਸ ਸਾਹਿਤਕ ਦੀ ਉਹ ਪ੍ਰਸੰਸਾ ਕਰਦਾ ਹੋਇਆ ਰਘਬੀਰ ਸਿੰਘ ਨੂੰ ਥਾਪੀ ਦੇਂਦਾ ਹੈ, ਉਸੇ ਰੁਝਾਣ ਵਿਰੁਧ ਤਾਂ ਵਡਾ ਇਤਰਾਜ਼ ਹੀ ਮੇਰੇ ਵਲੋਂ ਇਹੋ ਕਿ ਉਹ ਕਲਾ ਦੇ ਨਾਂ ਤੇ ਮਾਰਗ ਦਰਸਨ ਤੋਂ ਬਿਲਕੁਲ ਕੰਨੀ ਕਤਰਾਂਦਾ ਹੈ। ਇਹ ਗੱਲ ਜੇਕਰ ਮੈਂ ਕਹਿਨਾ ਹਾਂ ਤਾਂ ਸੁਰਜੀਤ ਗਿੱਲ ਨੂੰ ਇਤਰਾਜ਼ ਹੈ ਪਰ ਜੇਕਰ ਉਹ ਆਪ ਹੀ ਇਹ ਗੱਲ ਆਖਦਾ ਹੈ, ਫੇਰ ਸਭ ਠੀਕ ਹੈ।

ਰਘਬੀਰ ਸਿੰਘ ਅਪਣੇ ਸੰਪਾਦਕੀ ਦੇ ਤੀਜੇ ਪੈਰੇ ਵਿਚ ਲਿਖਦਾ ਹੈ—

> "ਸਾਹਿਤ ਰਚਨਾਂ 'ਚ ਕ੍ਰਾਂਤੀ ਦਾ ਸੁਨਿਹਾ ਮਿਲੇ, ਇਹ ਕ੍ਰਾਂਤੀਕਾਰੀ ਸ਼ਕਤੀਆਂ ਦੇ ਉਭਰਨ ਤੇ ਮਜ਼ਬੂਤ ਹੋਣ ਵਿਚ ਸਹਾਈ ਹੋਵੇ—ਅਜਿਹੀ ਸਾਡੀ ਅਕਾਂਖਿਆ ਹੈ, ਪਰ ਅਸੀਂ ਸਾਹਿਤਕਾਰ ਤੋਂ ਉਹ ਕਾਰਜ ਨਿਭਾਉਣ ਦੀ ਆਸ ਨਹੀਂ ਕਰ ਸਕਦੇ, ਜੋ ਵਿਸ਼ਾਲ ਵਰਗ ਸੰਘਰਸ਼ ਵਿਚ ਕੁਦਣ ਵਲੋਂ ਸੰਗਰਾਮੀਆਂ ਦੁਆਰਾ ਹੀ ਨੇਪਰੇ ਚਾੜ੍ਹੇ ਜਾਣਗੇ"

ਠੀਕ ਹੈ ਕਿ ਅਸੀਂ ਸਾਰੇ ਸਾਹਿਤਕਾਰਾਂ ਤੋਂ ਆਸ ਨਹੀਂ ਕਰ ਸਕਦੇ ਪਰ ਜਿਹੜੇ ਸਾਹਿਤਕਾਰ ਸਾਡੀ ਇਸ ਆਸ ਨੂੰ ਪੂਰੀ ਕਰਦੇ ਹਨ, ਉਹਨਾਂ ਨੂੰ ਇਸ ਕਾਰਜ ਤੋਂ ਭਜਾ ਦੇਣਾ ਵੀ ਕਿਥੋਂ ਦੀ ਅੱਕਲਮੰਦੀ ਏ ? ਕੂਕ ਕੂਕਕੇ ਕਹਿਣਾ "ਸਾਹਿਤਕਾਰੋ ਜੇਕਰ ਤੁਸੀਂ ਅਪਣੀ ਕਿਸੇ ਕ੍ਰਿਤ ਵਿਚ ਭੁੱਲ ਕੇ ਵੀ ਕ੍ਰਾਂਤੀ ਦਾ ਨਾਂ ਲੈ ਲਿਆ ਤਾਂ ਤੁਹਾਡੀ ਕ੍ਰਿਤ ਕਲਾ ਨਹੀਂ ਰਹੇਗੀ ਉਹ ਨਾਅਰਾ ਬਣ ਜਾਏਗੀ"

ਆਲੋਚਨਾ ਦੀ ਇਸ ਰੁੱਚੀ ਬਾਰੇ ਹੀ ਟਿਪਣੀ ਮੈਂ ਆਪਣੇ ਨੋਟ ਵਿਚ ਕੀਤੀ ਸੀ। ਲੇਖਕ ਦੀ ਪ੍ਰਤਿਭਾ ਅਨੁਸਾਰ ਸਾਹਿਤ ਘਟੀਆ ਵਧੀਆ ਹੋ ਸਕਦਾ ਹੈ ਪਰ ਇਹ ਉਲਾਰੂ ਰੁਝਾਣ ਕਿ ਕ੍ਰਾਂਤੀਕਾਰੀ ਸਾਹਿਤ ਵਧੀਆ ਹੋ ਹੀ ਨਹੀਂ ਸਕਦਾ ਕਿਉਂਕਿ ਉਸ ਵਿਚ ਨਾਅਰਾ ਹੁੰਦਾ ਹੈ, ਭਾਵੁਕਤਾ ਹੁੰਦੀ ਹੈ, ਉਹ ਯਥਾਰਥ ਨਹੀਂ। ਇਹ ਆਲੋਚਨਾ ਕ੍ਰਾਂਤੀ ਲਈ ਘਾਤਕ ਸਾਬਤ ਹੋ ਸਕਦੀ ਹੈ।

ਵਰਿਆਮ ਸੰਧੂ ਦੇ ਡੁੰਮ, ਕਹਾਣੀ ਦਾ ਪਾਤਰ ਤੇਜੂ ਅਪਣੇ ਅੰਦਰ ਦੀ ਪੀੜ ਅਤੇ ਸਮਾਜ ਪ੍ਰਤੀ ਅਪਣੀ ਧੁੰਧਲੀ ਜਹੀ ਨਫਰਤ ਕੁਝ ਯੱਬਲੀਆਂ ਮਾਰਕੇ ਬਾਹਰ ਜ਼ਾਹਰ ਕਰਦਾ ਹੈ। ਇਹ ਪਾਤਰ ਸਮਕਾਲੀ ਜ਼ਿੰਦਗੀ ਦਾ ਇਕ ਯਥਾਰਥ ਹੈ। ਇਸ ਪਾਤਰ ਦੀ ਪੇਸ਼ਕਸ਼ ਵਰਿਆਮ ਸੰਧੂ ਦੀ ਵੱਡੀ ਪ੍ਰਾਪਤੀ ਹੈ। ਪਰ ਜੇਕਰ ਇਕ ਹੋਰ ਪਾਤਰ ਹੈ ਤਾਂ ਪਿੰਡ ਦਾ ਲਾਭ ਸਿੰਘ ਹੋਵੇ। ਜ਼ਿੰਦਗੀ ਪ੍ਰਤੀ ਅਪਣੀ ਅਸੰਤੁਸ਼ਟਾ ਅਤੇ ਸਮਾਜਕ ਰਹੁਰੀਤਾਂ ਵਿਰੁਧ ਰਹੁਰੀਤਾਂ ਵਿਰੁਧ ਨਫਰਤ ਰਖਦਾ ਹੋਇਆ। ਉਹ ਸੱਤਾ ਵਲੋਂ ਚਲਾਈ ਗੋਲੀ ਨੂੰ ਅਪਣੇ ਸੀਨੇ ਤੇ ਖਾਵੇ ਤਾਂ ਉਹ ਵੀ ਸਾਡੀ ਸਮਕਾਲੀ ਜ਼ਿੰਦਗੀ ਦਾ ਯਥਾਰਥ ਹੈ। ਲਾਭ ਸਿੰਘ ਦੀ ਸਿਆਸੀ ਸੂਝ ਜਾਂ ਉਹਦੇ ਸੀਨੇ ਵਿਚ ਪਾਲਸ ਦੇ ਜੋਸ਼ ਬਾਰੇ ਤੁਹਾਡੀ ਸਹਿਮਤੀ ਹੋਏ ਜਾਂ ਨਾਂ ਹੋਏ ਪਰ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਤੇਜੂ ਕੋਲ ਤਾਂ ਜਿਹੜਾ ਸੱਚ ਹੈ ਉਹ ਕਲਾਮਈ ਸੱਚ ਹੈ ਅਤੇ ਲਾਭ ਸਿੰਘ ਕੋਲ ਜਿਹੜਾ ਸੱਚ ਹੈ, ਉਹ ਭਾਵੁਕ ਸੱਚ ਹੈ, ਉਹ ਨਾਅਰੇ ਵਾਲਾ ਸੱਚ ਹੈ ਅਤੇ ਉਹਦੇ ਵਿਚ ਜ਼ਿੰਦਗੀ ਦਾ ਯਥਾਰਥ ਨਹੀਂ।

ਗੱਲ ਇਸ ਨੁਕਤੇ ਤੇ ਆਕੇ ਵਿਖਰਦੀ ਹੈ ਕਿ ਰਘਬੀਰ ਸਿੰਘ ਜਿਸ ਅਮਲ ਸਾਹਿਤਕਾਰ ਦੀ ਪ੍ਰਾਪਤੀ ਕਹਿ ਰਿਹਾ ਹੈ, ਮੈਂ ਉਸਨੂੰ ਬਹੁਤੀਆਂ ਹਾਲਤਾਂ ਵਿਚ ਸਾਹਿਤਕਾਰ ਦਾ ਜ਼ਿੰਦਗੀ ਪ੍ਰਤੀ ਜ਼ਿਮੇਂਵਾਰੀ ਵਲੋਂ ਭਜਦਾ ਰਹਿਣਾ ਹਾਂ।

ਸੰਪਾਦਕੀ ਦੇ ਆਖਰੀ ਪੈਰੇ ਵਿਚ ਰਘਬੀਰ ਸਿੰਘ ਲਿਖਦਾ ਹੈ—

> "ਤਦ ਵੀ ਅਸੀਂ ਸਮਝਦੇ ਹਾਂ ਕਿ ਜੇ ਲੇਖਕ ਵਿਚ ਯਥਾਰਥ ਦੀ ਥਾਹ ਪਾਉਣ ਦੀ ਸਮਰਥਾ ਵੀ ਹੈ ਤੇ ਅਕਾਂਖਿਆ ਵੀ, ਤਾਂ ਉਸਦੀ ਅੰਤਰੀਵ ਭਾਵਨਾ ਭਾਵੇਂ ਕੁਝ ਵੀ ਹੋਵੇ, ਸੱਚ ਅਵੱਸ਼ ਹੀ ਉਭਰ ਕੇ ਸਾਹਵੇਂ ਆ ਜਾਏਗਾ ਅਤੇ ਸਮਕਾਲੀ ਸਮਾਚਾਰਾਂ ਦੇ ਪ੍ਰਸੰਗ ਵਿਚ ਇਹ ਲਾਜ਼ਮੀ ਹੈ ਕਿ ਅਜਿਹੇ ਸੱਚ ਵਿਚੋਂ ਨਾਂ ਕੇਵਲ ਪ੍ਰਾਪਤ ਸਮਾਜ ਵਿਵਸਥਾ ਅਨਿਆਈਂ, ਸ਼ੋਸ਼ਨਕਾਰੀ ਤੇ ਅਮਾਨਵੀ ਨਜ਼ਰ ਆਵੇਗੀ, ਸਗੋਂ ਇਸ ਵਿਵਸਥਾ ਨੂੰ ਬਦਲਨ ਦੀ ਲੋੜ ਹੀ ਸਹਿਜ ਪ੍ਰਤੀਤੀ ਵੀ ਇਸ ਵਿਚੋਂ ਹੋਵੇਗੀ। ਐਨ ਇਹੀ ਕੁਝ ਹੈ ਜੋ ਸਮਕਾਲੀ ਸਾਹਿਤ ਦੀ ਮੁਖਧਾਰਾ ਵਿਚ ਸਾਨੂੰ ਉਪਲਬੱਧ ਹੋ ਰਿਹਾ ਹੈ"

ਮੇਰਾ ਇਤਰਾਜ਼ ਹੈ ਕਿ ਐਨ ਇਹੀ ਕੁਝ ਹੈ, ਜੋ ਸਮਕਾਲੀ ਸਾਹਿਤ ਦੀ ਮੁਖਧਾਰਾ ਵਿਚ ਸਾਨੂੰ ਨਹੀਂ ਉਪਲੱਬਧ ਹੋ ਰਿਹਾ। ਸੰਪਾਦਕ ਸਿਰਜਣਾ ਵਲੋਂ ਉਪਰ ਦਸੀ ਕਸਵੱਟੀ ਜਾਂ ਪਛਾਣ ਚਿੰਨ੍ਹ ਨੂੰ ਹੀ ਆਧਾਰ ਮਿਥਕੇ ਅਸੀਂ ਪਾਠਕਾਂ ਵਲੋਂ ਸਮਕਾਲੀ ਪੰਜਾਬੀ ਸਾਹਿਤ ਦੀਆਂ ਪ੍ਰਮਾਣਿਕ ਰਚਨਾਵਾਂ ਬਾਰੇ ਰਾਏ ਜਾਨਣਾ ਚਾਹਵਾਂ ਤੇ ਅਪਣੀ ਰਾਏ ਦੇਣਾ ਵੀ ਚਾਹਵਾਂਗੇ।

## 2. ਨਾਗਾ ਭੂਸ਼ਨ ਭਟਨਾਇਕ

ਇਸ ਕੀੜਿਆਂ ਵਰਗੀ ਰੀਂਗ ਰਹੀ ਜ਼ਿੰਦਗੀ ਨੂੰ ਹਾਲੇ ਜੇਕਰ ਹਿੰਦੋਸਤਾਨ ਦੇ ਬਹੁਤੇ ਲੋਕਾਂ ਨੇ ਬਰਦਾਸ਼ਤ ਕੀਤਾ ਹੋਇਆ ਹੈ, ਤਾਂ ਇਸਦਾ ਇਹ ਮਤਲਬ ਨਹੀਂ ਕਿ

ਇਥੇ ਵਿਦਰੋਹ ਦੀ ਆਵਾਜ਼ ਮੁੱਕ ਗਈ ਹੈ, ਕੁਝ ਐਸੇ ਲੋਕਾਂ ਦੀ ਵੀ ਬਰਾਦਰੀ ਹੈ, ਜਿਨ੍ਹਾਂ ਨੇ ਸਿਰ ਤਲੀ ਤੇ ਰੱਖ ਕੇ ਇਸ ਸਿਸਟਮ ਨੂੰ ਹਰ ਵੇਲੇ ਚੈਲਿੰਜ ਕੀਤਾ ਹੈ। ਆਂਧਰਾ ਦੇ ਨਾਗਾਭੂਸ਼ਨ ਪਟਨਾਇਕ ਉਹਨਾਂ ਵਿਚੋਂ ਇਕ ਹਨ। ਇਕ ਐਸੇ ਰਾਖਸ਼ ਜ਼ਮੀਂਦਾਰ ਨੂੰ ਕਤਲ ਕਰਨ ਦੇ ਇਲਜ਼ਾਮ ਵਿਚ, ਜਿਸਨੇ ਆਪਣੇ ਲੱਠਮਾਰਾਂ ਦੀ ਮਦਦ ਨਾਲ ਇਲਾਕੇ ਦੇ ਆਦੀਵਾਸੀ ਅਤੇ ਹਰੀਜਨਾਂ ਲੋਕਾਂ ਦੀ ਜ਼ਿੰਦਗੀ ਮੁਸ਼ਕਿਲ ਕੀਤੀ ਹੋਈ ਸੀ, ਨਾਗਾਭੂਸ਼ਨ ਪਟਨਾਇਕ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਇਸ ਜ਼ਮੀਨਦਾਰ ਦੇ ਬਾਰੇ ਇਲਾਕੇ ਵਿਚ ਹਰ ਕੋਈ ਜਾਣਦਾ ਸੀ ਕਿ ਉਹਦੇ ਸਿਰ ਤੇ ਸੈਂਕੜੇ ਗਰੀਬਾਂ ਦੇ ਕਤਲ ਅਤੇ ਗਰੀਬਾਂ ਦੀਆਂ ਕੁੜੀਆਂ ਦੀ ਪੱਤ ਲੁੱਟਣ ਦਾ ਇਲਜ਼ਾਮ ਸੀ। ਕਾਨੂੰਨ ਦੀਆਂ ਨਜ਼ਰਾਂ ਵਿਚ ਉਹ ਬਰੀ ਸੀ ਕਿਉਂਕਿ ਇਹ ਕਤਲ ਉਹਨੇ ਆਪ ਨਹੀਂ ਸਨ ਕੀਤੇ, ਸਗੋਂ ਆਪਣੇ ਲੱਠਮਾਰਾਂ ਕੋਲੋਂ ਕਰਵਾਏ ਸਨ। ਨਾਗਾ ਭੂਸ਼ਨ ਪਟਨਾਇਕ ਨੇ ਲੋਕਾਂ ਦੀ ਕਚੈਹਰੀ ਵਿਚ ਫੈਸਲਾ ਲਿਆ ਤੇ ਉਸ ਜਗੀਰਦਾਰ ਦਾ ਕਤਲ ਕੀਤਾ। ਨਾਗਾ ਭੂਸ਼ਨ ਪਟਨਾਇਕ ਦੀ ਫਾਂਸੀ ਦੀ ਸਜ਼ਾ ਬਾਅਦ ਵਿਚ ਉਮਰ ਕੈਦ ਵਿਚ ਬਦਲ ਦਿਤੀ ਗਈ। ਨਾਗਾ ਭੂਸ਼ਨ ਪਟਨਾਇਕ ਹਰ ਲਿਹਾਜ਼ ਨਾਲ ਇਕ ਸਿਆਸੀ ਕੈਦੀ ਹੈ ਕਿਉਂਕਿ ਉਸਨੇ ਜਮੀਂਦਾਰ ਦਾ ਕਤਲ ਕਿਸੇ ਜ਼ਾਤੀ ਦੁਸ਼ਮਣੀ ਦੇ ਕਾਰਨ ਨਹੀਂ ਕੀਤਾ ਸੀ। ਜੇਲ੍ਹ ਵਿਚ ਲੰਮੇਂ ਤਸੀਹਿਆਂ ਦੇ ਕਾਰਨ ਉਹ ਹੁਣ ਸਖ਼ਤ ਬਿਮਾਰ ਹੈ। ਲੋਕਾਂ ਦੀ ਮੰਗ ਤੇ ਉਸਨੂੰ ਇਲਾਜ ਲਈ ਦਿਲੀ, ਲਿਆਂਦਾ ਗਿਆ, ਪਰ ਫੇਰ ਵਾਪਸ ਆਂਧਰਾ ਦੀਆਂ ਜੇਲ੍ਹਾਂ ਵਿਚ ਲਿਜਾਣ ਦੀ ਤਿਆਰੀ ਕੀਤੀ ਗਈ ਕਿਉਂਕਿ ਆਂਧਰਾ ਸਰਕਾਰ ਨੇ ਕਿਹਾ ਹੈ ਕਿ ਉਹ ਉਹਦਾ ਹਸਪਤਾਲ ਦਾ ਖਰਚ ਬਰਦਾਸ਼ਤ ਨਹੀਂ ਕਰ ਸਕਦੀ, ਜਿਹੜਾ 20 ਰੁਪੈ ਰੋਜ ਦਾ ਹੈ। ਇਹ ਉਹ ਆਂਧਰਾ ਸਰਕਾਰ ਹੈ, ਜਿਸ ਦੇ ਚੀਫ ਮਨਿਸਟਰ ਅਨਜੀਹਾ ਨੇ ਆਪਣੇ ਮੰਤਰੀ ਮੰਡਲ ਵਿਚ 67 ਮੰਤਰੀ ਬਣਾ ਰਖੇ ਹਨ ਤੇ ਹਰ ਇਕ ਕਾਂਗਰਸੀ ਐਮ. ਐਲ. ਏ. ਨੂੰ ਕਿਸੇ ਨੇ ਕਿਸੇ ਬੋਰਡ ਦੀ ਚੇਅਰਮੈਨੀ ਦੇਕੇ ਕਰੋੜਾਂ ਦਾ ਖਰਚ ਆਂਧਰਾ ਦੇ ਗਰੀਬ ਲੋਕਾਂ ਤੇ ਪਾਇਆ ਹੋਇਆ ਹੈ। ਇਹ ਸਰਕਾਰ ਆਂਧਰਾ ਦੇ ਇਕ ਸੂਰਬੀਰ ਲਈ ਹਸਪਤਾਲ ਦਾ ਖਰਚ ਬਰਦਾਸ਼ਤ ਨਹੀਂ ਕਰ ਸਕਦੀ। ਆਂਧਰਾ ਸਰਕਾਰ ਦੀ ਇਸ ਬੇਰੁੱਖੀ ਦਾ ਚਰਚਾ ਹਿੰਦੋਸਤਾਨ ਦੇ ਬਾਹਰ ਵਿਦੇਸ਼ਾਂ ਵਿਚ ਪੁੱਜ ਗਿਆ ਹੈ। ਸਵਿਟਜ਼ਰਲੈਂਡ ਦੇ 750 ਸ਼ਹਿਰੀਆਂ ਨੇ ਹਿੰਦੋਸਤਾਨ ਦੇ ਪ੍ਰੈਜ਼ੀਡੈਂਟ ਸੰਜੀਵਾ ਰੈਡੀ, ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਚੀਫ ਮਨਿਸਟਰ ਟੀ. ਅਨਜੀਹਾ ਅਤੇ ਬਰਲਿਨ ਵਿਚ ਹਿੰਦੋਸਤਾਨ ਦੇ ਰਾਜਦੂਤ ਨੂੰ ਇਕ ਪੈਟੀਸ਼ਨ ਰਾਹੀਂ ਨਾਗਾਭੂਸ਼ਨ ਪਟਨਾਇਕ ਦੀ ਤੁਰੰਤ ਰਿਹਾਈ ਅਤੇ ਇਲਾਜ ਦੀ ਮੰਗ ਕੀਤੀ ਹੈ। ਉਹਨਾਂ ਨੇ ਇਹ ਕਾਰਵਾਈ ਸਿਰਫ ਇੰਡੀਅਨ ਐਕਸਪ੍ਰੈਸ ਦੀ 22 ਅਕਤੂਬਰ ਦੀ ਅਖਬਾਰ ਵਿਚ ਇਕ ਖਬਰ ਪੜ੍ਹਕੇ ਹੀ ਕੀਤੀ ਹੈ। ਮਨੁੱਖੀ ਹਕਾਂ ਲਈ ਲੜਦੇ ਜਿਥੇ ਅਸੀਂ ਆਪਣੀਆਂ ਸੰਸਥਾਵਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਨਾਗਾਭੂਸ਼ਨ ਪਟਨਾਇਕ ਦੇ ਹੱਕ ਵਿਚ ਆਵਾਜ਼ ਉਠਾਨ, ਉਥੇ ਅਸੀਂ ਜਾਗਦੇ ਲੋਕਾਂ ਦੀ ਇਸ ਨਿੱਕੀ ਜਹੀ ਕੌਮ ਨੂੰ, ਜਿਸਦੀ ਕੁਲ ਆਬਾਦੀ ਸਾਡੇ ਇਕ ਵਡੇ ਜ਼ਿਲੇ ਦੀ ਆਬਾਦੀ ਜਿਨੀਂ ਹੀ ਹੈ, ਆਪਣਾ ਧੰਨਵਾਦੀ ਸਲਾਮ ਭੇਜਦੇ ਹਾਂ।

o

## 3. ਲਾਨਬੀ ਬਾਅਦੀ

ਆਰਸੀ ਦੇ ਜਨਵਰੀ 1981 ਵਿਚ ਪ੍ਰੀਤਮ ਸਿੰਘ (ਚੰਡੀਗੜ) ਵਲੋਂ ਇਕ ਕਵਿਤਾ ਲਾਨਬੀ ਬਾਅਦੀ ਨਾਂ ਦੀ ਛਪੀ ਹੈ। ਭਾਵੇਂ ਆਰਸੀ ਵਿਚ ਪੱਕਾ ਪਤਾ ਤਾਂ ਨਹੀਂ ਲਿਖਿਆ ਪਰ ਸਾਡਾ ਅੰਦਾਜ਼ਾ ਹੈ ਕਿ ਇਹ ਪ੍ਰੀਤਮ ਸਿੰਘ, ਪੀ. ਸੀ. ਐਸ. ਵਾਲੇ ਪ੍ਰੀਤਮ ਸਿੰਘ ਹਨ। ਸਾਹਿਤ ਖੇਤ੍ਰ ਵਿਚ ਕਈ ਵਾਦਵਿਵਾਦਾਂ ਦੇ ਇਹ ਸਰਗਰਮ ਹਿੱਸੇਦਾਰ ਰਹੇ ਹਨ। ਇਸ ਗੱਲ ਨੂੰ ਮੰਨਦੇ ਹੋਏ ਕਿ ਜਦੋਂ ਕੋਈ ਲੇਖਕ ਕੁਝ ਲਿਖਦਾ ਹੈ ਤੇ ਖਾਸ ਕਰਕੇ ਕਵਿਤਾ ਦਾ ਮਧਿਅਮ ਅਪਣਾਦਾ ਹੈ, ਤਾਂ ਉਹਦੇ ਵਿਚ ਪ੍ਰਗਟਾਏ ਹੋਏ ਉਹਦੇ ਵਿਚਾਰ ਦਿਲ ਦੀ ਡੂੰਘਿਆਈ ਵਿਚੋਂ ਨਿਕਲਦੇ ਹਨ। ਉਹਦੇ ਮੰਨ ਵਿਚ ਇਕ ਤੜਪ ਨਾਲ ਆਪਣੇ ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਹੈ। ਉਹਨਾਂ ਦੀ ਕਵਿਤਾ ਨੂੰ ਪੂਰੇ ਦਾ ਪੂਰਾ ਇਥੇ ਦੇਕੇ ਉਹਨਾਂ ਨਾਲ ਅਸੀਂ ਕੁਝ ਗੱਲਾਂ ਕਰਨਾਂ ਚਾਹਵਾਂਗੇ ਤਾਂ ਜੋ ਸਮਤਾ ਦੇ ਪਾਠਕ ਉਹਨਾਂ ਦੇ ਤਜਰਬੇ ਤੋਂ ਫਾਇਦਾ ਉਠਾ ਸਕਣ। ਕਵਿਤਾ ਹਾਜ਼ਰ ਹੈ :

### ਲਾਨਬੀ ਬਾਅਦੀ :

ਉਹ ਮੇਰਾ ਰਾਹ ਰੋਕੀ ਖੜਾ ਹੈ
ਅੱਗੇ ਵਧਾਂ ਤਾਂ ਕਿਸ ਤਰ੍ਹਾਂ ?
ਉਸਦੇ ਇਕ ਹੱਥ ਹੈ ਕਿਤਾਬ
ਦੂਸਰੇ 'ਚ ਪਰਚਮੇ ਇਨਕਲਾਬ
ਉਸਦਾ ਚਿਹਰਾ ਨੂਰੋ ਨੂਰ

ਉਸਦੀ ਉਮੱਤ ਦੂਰ ਦੂਰ
ਨਾਅਰੇ ਗੁੰਜਾ ਰਹੀ ਹੈ ।

ਇਕ ਰਸੂਲ
ਆਖਰੀ ਰਸੂਲ ਹੈ
ਇਹ ਇਨਕਲਾਬ
ਆਖਰੀ ਇਨਕਲਾਬ
ਇਹ ਕਿਤਾਬ
ਆਖਰੀ ਕਿਤਾਬ
ਇਹ ਅੰਤਮ ਸੱਚ ਹੈ
ਬਾਕੀ ਸਭ ਕੱਚ ਹੈ ।
ਕੁਫਰ ਹੈ ।
ਕਾਫਰ ਮੁਰਦਾਬਾਦ
ਇਨਕਲਾਬ ਜ਼ਿੰਦਾਬਾਦ
ਨਾਅਰੇ ਦੀ ਗੁੰਜਾਰ ਹੈ
ਗਰਦ ਹੈ, ਗੁਬਾਰ ਹੈ
ਮੰਜ਼ਿਲ ਦਿਸੇ ਤਾਂ ਕਿਸ ਤਰ੍ਹਾਂ ?
ਅੱਗੇ ਵਧਾਂ ਤਾਂ ਕਿਸ ਤਰ੍ਹਾਂ ?

ਇਸ ਕਵਿਤਾ ਵਿਚ ਪਰਗਟਾਏ ਵਿਚਾਰਾਂ ਅਨੁਸਾਰ ਪ੍ਰੀਤਮ ਸਿੰਘ ਆਪਣੇ ਆਲੇਦੁਆਲੇ ਦੀ ਜ਼ਿੰਦਗੀ ਨੂੰ ਸੋਹਣਾ ਬਨਾਉਣ ਲਈ, ਉਹਦੇ ਕਲਿਆਨ ਲਈ ਕੁਝ ਕਰਨਾ ਚਾਹੁੰਦਾ ਹੈ, ਅੱਗੇ ਵਧਨਾ ਚਾਹੁੰਦਾ ਹੈ, ਪਰ ਝੰਡਾ ਬਰਦਾਰ (ਇਥੇ ਉਹ ਦਾ ਇਸ਼ਾਰਾ ਸਪੱਸ਼ਟ ਤੌਰ ਤੇ ਮਾਰਕਸਵਾਦੀ ਲੋਕਾਂ ਵਲ ਹੈ) ਉਹਦਾ ਰਸਤਾ ਰੋਕੀ ਖੜੇ ਹਨ । ਪ੍ਰੀਤਮ ਸਿੰਘ ਸਰਕਾਰੀ ਅਦਾਰਿਆਂ ਵਿਚ ਕੰਮ ਕਰਨ ਵਾਲੇ ਹਨ । ਪੰਜਾਬੀ ਦੇ ਬਹੁਤ ਸਾਰੇ ਸਰਕਾਰੀ ਮੈਗਜ਼ੀਨ ਇਹਨਾਂ ਝੰਡਾ ਬਰਦਾਰਾਂ ਦੇ ਵਿਰੁੱਧ ਦਿਨੇਂ ਰਾਤ ਹਰ ਕਿਸਮ ਦਾ ਪਰਚਾਰ ਕਰਦੇ ਹਨ । ਪ੍ਰੀਤਮ ਸਿੰਘ ਬੜੇ ਸੌਖੀ ਤਰੀਕੇ ਨਾਲ ਆਪਣੇ ਕਲਿਯਾਨਕਾਰੀ ਰਾਹ ਲੋਕਾਂ ਨੂੰ ਦਸ ਸਕਦੇ ਹਨ ਕਿ ਉਹ ਇਸ ਦਿਸ਼ਾ ਵਿਚ ਕੀ ਕਰਨਾ ਚਾਹੁੰਦੇ ਹਨ । ਉਹਨਾਂ ਨੂੰ ਅੱਗੇ ਵਧਨ ਦੀ ਕੋਈ ਮਜ਼ਬੂਰੀ ਤਾਂ ਨਹੀਂ ਹੋਣੀ ਚਾਹੀਦੀ । ਬਰਹਾਲ 'ਸਮਤਾ' ਦੀ ਉਹਨਾਂ ਨੂੰ ਪੇਸ਼ਕਸ਼ ਹੈ ਕਿ ਉਹ ਆਪਣੇ ਵਿਚਾਰ ਖੁਲ੍ਹਕੇ ਸਾਨੂੰ ਭੇਜਣ । ਅਸੀਂ ਭਾਵੇਂ ਉਹਨਾਂ ਲੋਕਾਂ ਵਿਚੋਂ ਹਾਂ, ਜਿਹੜੇ ਸਮਝਦੇ ਹਾਂ ਕਿ ਇਸ ਸਿਸਟਮ ਨੂੰ ਤੋੜੇ ਬਿਨਾਂ ਲੋਕਾਂ ਦਾ ਕਲਿਯਾਨ ਨਹੀਂ ਹੋ ਸਕਦਾ ਪਰ ਜੇਕਰ ਕਿਸੇ ਕੋਲ ਹੋਰ ਵੀ ਕੋਈ ਕਲਿਆਨਕਾਰੀ ਹੱਲ ਹੈ ਤਾਂ ਉਹ ਸਪਸ਼ਟ ਦਸੇ ਅਤੇ ਪੂਰੀ ਜ਼ਿੰਮੇਂਵਾਰੀ ਨਾਲ ਦਸੇ । ਉਸਨੂੰ ਪੜ੍ਹਨਾ ਅਤੇ ਉਸ ਉਤੇ ਵਿਚਾਰ-ਵਟਾਂਦਰਾ ਸਾਡੇ ਲਈ ਲਾਹੇਵੰਦ ਹੋਵੇਗਾ । ਉਮੀਦ ਹੈ ਪ੍ਰੀਤਮ ਸਿੰਘ ਕਵਿਤਾ ਦੀਆਂ ਇਹ ਲਾਈਨਾਂ ਲਿਖਕੇ ਆਪਣੀ ਜ਼ਿੰਮੇਂਵਾਰੀ ਤੋਂ ਸੁਰਖ਼ਰੂ ਨਹੀਂ ਹੋਣਗੇ ।

o

## 4. ਟੱਕਰ—ਕ੍ਰਾਂਤੀਕਾਰੀ ਸਰੋਦੀ ਸਾਹਿਤ ਵਿਚ ਇਕ ਨਿੱਘਰ ਵਾਧਾ :

ਸੁਣ ਦਿਲੀ ਦੀਏ ਸਰਕਾਰੇ
ਤੇਰੇ ਸਾਡੇ ਵੈਰ ਕਰਾਰੇ
ਯੁੱਗੋਂ ਲੰਬੇ ਪਹਾੜੋਂ ਭਾਰੇ
ਕੱਚੀਆਂ ਗੜ੍ਹੀਆਂ ਮਹਿਲ ਮੁਨਾਰੇ
ਹਰ ਦਮ ਭਿੜਦੇ ਰਹਿਣੇ ਨੀਂ
ਸੀਸ ਸਿੰਘਾਂ ਦੇ ਦਿੱਲੀ ਦੇ ਸੰਗ
ਮੁੜ ਮੁੜ ਖਹਿਣੇ ਨੀਂ ।
ਵੈਰਨੇ
ਸੀਮ ਅਸਾਂ ਦੇ ਜ਼ੁਲਮਾਂ ਦੇ ਸੰਗ
ਮੁੜ ਮੁੜ ਖਹਿਣੇ ਨੀਂ ।

ਇਹਨਾਂ ਬੋਲਾਂ ਦਾ ਕਵੀ ਸੁਖਪਾਲ ਸਿੰਘ, ਜਿਹੜਾ ਕਿਸੇ ਦੌਰ ਵਿਚ ਰੰਜੀਤਪੁਰੀ ਦੇ ਨਾਂ ਥੱਲੇ ਲਿਖਦਾ ਰਿਹਾ ਹੈ, ਉਹਦੇ ਕਾਵਿ ਬੋਲਾਂ ਦੀ ਕਿਤਾਬ 'ਟੱਕਰ' ਦੀ ਸੋਧੀ ਹੋਈ ਐਡੀਸ਼ਨ ਬਲਰਾਜ ਸਾਹਨੀ ਪ੍ਰਕਾਸ਼ਨ ਵਲੋਂ ਵਿਸ਼ੇਸ਼ ਤੌਰ ਤੇ ਛਾਪੀ ਗਈ ਹੈ ।

ਇਸ ਵਿਚ ਉਹਦੇ ਕੁਝ ਨਵੇਂ ਗੀਤ ਵੀ ਸ਼ਾਮਿਲ ਹਨ । ਲੋਕ ਸ਼ੈਲੀ ਵਿਚ ਇਸ ਪੁਸਤਕ ਵਿਚ ਦਿਤੇ ਗਏ ਗੀਤ ਸਾਡੇ ਕ੍ਰਾਂਤੀਕਾਰੀ ਸਾਹਿਤ ਦੀ ਇਕ ਫਖ਼ਰ ਵਾਲੀ ਪ੍ਰਾਪਤੀ ਹੈ, ਜਿਥੇ ਵੀ ਲੋਕ ਸੱਥ ਵਿਚ ਜੁੜਕੇ ਬਹਿਣਗੇ, ਇਹ ਕਾਵਿ ਬੋਲ ਉਹਨਾਂ ਨੂੰ ਸੰਘਰਸ਼ ਲਈ ਪ੍ਰੇਰਨਾ ਦੇਣਗੇ ਦੋ ਧਿਰਾਂ ਦੀ ਟੱਕਰ ਇਸ ਸੰਗ੍ਰਹਿ ਦੇ ਹਰ ਗੀਤ ਤੇ ਕਵਿਤਾ ਦਾ ਮੁੱਖ ਵਿਸ਼ਾ ਹੈ । ਵੱਧ ਤੋਂ ਵੱਧ ਹੱਥਾਂ ਵਿਚ ਇਹ ਪੁਸਤਕ ਜਾਏ, ਇਹ ਸਾਡੀ ਚਾਹ ਹੈ, ਇਸ ਲਈ 88 ਸਫਿਆਂ ਦੀ ਇਸ ਕਿਤਾਬ ਦੀ ਕੀਮਤ ਸਿਰਫ ਦੋ ਰੁਪਏ ਰਖੀ ਗਈ ਹੈ । ਉਮੀਦ ਕੀਤੀ ਜਾਂਦੀ ਹੈ ਕਿ ਪਾਠਕ ਇਸ ਵਧੀਆ ਕਿਤਾਬ ਦਾ ਨਿਆ ਸਵਾਗਤ ਕਰਨਗੇ । ਵੰਨਗੀ ਲਈ ਇਕ ਪੂਰੀ ਕਵਿਤਾ ਇਥੇ ਦਿਤੀ ਜਾਂਦੀ ਹੈ, ਜੋ ਇਸ ਸੰਗ੍ਰਹਿ ਦੀ ਆਖ਼ਰੀ ਕਵਿਤਾ ਹੈ : ਹਿੱਲਜੁਲ ।

o

# ਪਾਠਕੀ

(1) ਸਮਤਾ ਦਾ ਨੌਵਾਂ ਅੰਕ ਹੁਣੇ ਖਤਮ ਕਰਕੇ ਹਟਿਆ ਹਾਂ। ਪਹਿਲੇ ਅੰਕ ਵੀ ਲਗਾਤਾਰ ਪੜ੍ਹਦਾ ਆਇਆ ਹਾਂ।

ਜਿੱਥੇ ਸਮਤਾ ਵਰਗੇ ਪਰਚੇ ਦੀ ਦੇਣ ਉੱਤੇ ਮਾਣ ਹੈ, ਉਥੇ ਮੈਂ ਬਲਦੇਵ ਕਲੇਰ ਨਾਲ ਸਹਿਮਤ ਹਾਂ ਕਿ ਇਸ ਉੱਤੇ ਬੌਧਿਕ ਅਤੇ ਅਨੁਵਾਦਕੀ ਹੰਗ ਹਾਵੀ ਰਹੇ ਹਨ। ਇਸ ਵਾਰ ਵੀ ਬਰੈਖਤ ਦਾ ਨਾਟਕ ਹਾਥੀ ਦਾ ਬੱਚਾ ਸਧਾਰਣ ਪਾਠਕਾਂ ਦੀ ਸਮਝ ਤੋਂ ਬਾਹਰ ਦੀ ਗੱਲ ਹੈ। (ਇਨ੍ਹਾਂ ਵਿਚ ਮੈਂ ਵੀ ਸ਼ਾਮਲ ਹਾਂ)।

ਅਨੁਵਾਦ ਜਾਂ ਹੋਰ ਰਚਨਾਵਾਂ ਛਾਪਦਿਆਂ ਸਾਨੂੰ ਇਸ ਗੱਲ ਨੂੰ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ ਕਿ ਅਸੀਂ ਸਾਧਾਰਣ ਲੋਕਾਂ ਨੂੰ ਜਾਗਰਿਤ ਕਰਨਾ ਹੈ। (ਉਨ੍ਹਾਂ ਦੀ ਬਹੁਗਿਣਤੀ ਹੈ ਤੇ ਸੂਝ ਘੱਟ) ਆਦਿ ਪੜ੍ਹੇ ਲਿਖੇ ਲੋਕਾਂ ਨੂੰ ਜਿਹੜੇ ਪਹਿਲਾਂ ਹੀ ਕੁਝ ਕੁਝ ਸੂਝਵਾਨ ਹੁੰਦੇ ਹਨ ਤੇ ਜਾਗਰੂਪ ਹੁੰਦੇ ਹਨ।

ਹੁਣ ਰਹੀ ਸੇਖੋਂ ਦੁਆਰਾ ਪ੍ਰਗਟਾਏ ਗਏ ਭਗਤ ਸਿੰਘ ਬਾਰੇ ਆਪਣੇ ਕੁਝ ਵਿਚਾਰਾਂ ਦੀ ਗੱਲ।

ਇਹ ਗੱਲ ਭਾਵੇਂ ਠੀਕ ਹੈ ਕਿ ਭਗਤ ਸਿੰਘ ਹੁਰਾਂ ਮਗਰ ਭਾਵੇਂ ਤੱਕੜੀ ਜਥੇਬੰਦੀ ਨਹੀਂ ਸੀ, ਤੇ ਉਹਨਾ ਦੀਆਂ ਸਰਗਰਮੀਆਂ ਨਿੱਜੀ ਜਿਹਾ ਪ੍ਰਗਟਾਵਾ ਬਣਕੇ ਰਹਿ ਗਈਆਂ ਸਨ, ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਅਜੇ ਖੁਦ ਹੀ ਆਪਣੀ ਸੂਝ ਨੂੰ ਜਥੇਬੰਧਕ ਲੀਹਾਂ ਉੱਤੇ ਤੋਰਨ ਲਈ ਤਿੱਖੀ ਕਰ ਰਹੇ ਸਨ। ਉਹਨਾਂ ਨੂੰ ਸਹੀ ਜਥੇਬੰਦੀ ਸਿਰਜਣ ਦਾ ਮੌਕਾ ਹੀ ਨਹੀਂ ਮਿਲਿਆ ਕਿਉਂਕਿ ਉਹ ਚੜ੍ਹਦੀ ਉਮਰ ਵਿਚ ਹੀ ਤੁਰ ਗਏ ਸਨ। ਨਹੀਂ ਤਾਂ ਕੋਈ ਸ਼ੱਕ ਨਹੀਂ ਕਿ ਉਹ ਸਾਨੂੰ ਇਹੋ ਜਿਹੀ ਸਮਾਜਵਾਦੀ ਵਿਚਾਰਧਾਰਾ ਤੇ ਜਥੇਬੰਦੀ ਦੇਕੇ ਜਾਂਦੇ ਕਿ ਦੇਸ਼ ਵਿਚ ਜਾਂ ਤਾਂ ਇਨਕਲਾਬ ਆ ਚੁੱਕਾ ਹੁੰਦਾ ਤੇ ਜਾਂ ਫਿਰ ਅਸੀਂ ਕਰਾਂਤੀ ਦੇ ਬੂਹੇ ਅੱਗੇ ਜਰੂਰ ਖੜੇ ਹੁੰਦੇ। ਪਰ ਹੁਣ ਦੇਸ਼ ਕ੍ਰਾਂਤੀ ਤੋਂ ਪਿੱਛੇ ਵੱਲ ਹੀ ਜਾ ਰਿਹਾ ਹੈ। ਕਿਉਂਕਿ ਸਿਰਫ ਗੱਲਾਂ ਹੀ ਗੱਲਾਂ ਹਨ, ਅਮਲ ਗਾਇਬ ਹੈ ਤੇ ਉਹਨਾਂ ਗੱਲਾਂ ਵਾਲਿਆਂ ਵਿਚ ਸੇਖੋਂ ਸਾਹਿਬ ਵੀ ਹਨ ਜਿਹੜੇ ਕਿ ਏਨੀ ਉਮਰ ਹੋਣ ਤੇ ਉਨੇ ਕੁ ਲੋਕਾਂ ਨੂੰ ਜਥੇਬੰਦ ਨਹੀਂ ਕਰ ਸਕੇ ਜਿੰਨੇ ਕੁ ਭਗਤ ਸਿੰਘ ਹੁਰਾਂ ਨੇ ਬਾਲੜੀ ਉਮਰ ਤੱਕ ਹੀ ਕਰ ਲਏ ਸਨ। ਤੇ ਹੁਣ ਸੇਖੋਂ ਸਾਹਿਬ ਕੁਝ ਕਰ ਸਕਣ ਵਾਲਿਆਂ ਨੂੰ ਛੁਟਿਆਕੇ ਕੁਝ ਕੁ ਵੀ ਨਾ ਕਰ ਸਕਣ ਵਾਲਿਆਂ ਨੂੰ ਵਡਿਆਉਣਾ ਚਾਹੁੰਦਾ ਹੈ ਤੇ ਤੇ ਜਿੰਨੀ ਕੁ ਜਥੇਬੰਧਕ ਲਹਿਰ ਉਹਨਾਂ ਵੱਡਿਆਂ ਨੇ ਚਲਾਈ ਹੈ ਉਹ ਸਾਡੇ ਸਾਹਮਣੇ ਹੈ ਕਿ ਇਨਕਲਾਬ ਅਗਾਂਹ ਨੂੰ ਸਰਕਣੇ ਦੀ ਥਾਂ ਪਿੱਛੇ ਹੀ ਨੂੰ ਸਰਕਿਆ ਹੈ ਤੇ ਉਹ ਵੱਡੇ ਅਜੇ ਵੀ ਗਿੱਦੜ ਵਾਂਗ ਝੋਟੇ ਦੇ ਪਤਾਲੂ ਟੁੱਟਕੇ ਡਿੱਗ ਪੈਣ ਦਾ ਇੰਤਜਾਰ ਕਰਦੇ ਬੁੱਲਾਂ ਤੇ ਜੀਭ ਅਤੇ ਮੁੱਛਾਂ ਉਤੇ ਹੱਥ ਫੇਰੀ ਜਾ ਰਹੇ ਹਨ।

ਭਗਤ ਸਿੰਘ ਹੁਰੀਂ ਇੱਕ ਤਕੜੀ ਜਥੇਬੰਦੀ ਕਿਉਂ ਨਹੀਂ ਪਰਦਾਨ ਕਰ ਸਕੇ ਸਨ, ਮੇਰੇ ਵਿਚਾਰ ਵਿਚ ਇਸਦਾ ਇੱਕ ਹੋਰ ਵੀ ਕਾਰਣ ਹੈ। ਉਸ ਵੇਲੇ ਚੱਲ ਰਹੀ ਅਜ਼ਾਦੀ ਦੀ ਲਹਿਰ ਨੂੰ ਦੇਸੀ ਸਰਮਾਏਦਾਰੀ ਦੀ ਪੂਰੀ ਸ਼ਹਿ ਸੀ। ਉਹ ਤਾਂ ਉਸ ਵੇਲੇ ਦੀ ਤਾੜ ਵਿਚ ਬੈਠੇ ਸਨ ਕਿ ਕਦੋਂ ਅਜਾਦੀ ਮਿਲੇ ਤੇ ਕਦੋਂ ਹਿੰਦੋਸਤਾਨ ਦੀ ਆਰਥਿਕਤਾ ਤੇ ਕਬਜ਼ਾ ਕਰਨ।

ਕਿਉਂਕਿ ਉਸ ਵੇਲੇ ਦੇ ਬਹੁਤੇ ਨੇਤਾ ਅਮੀਰ ਵਰਗ 'ਚੋਂ ਸਨ, ਇਸ ਲਈ ਉਹ ਜਾਣੇ ਅਣਜਾਣੇ ਉਸ ਸਰਮਾਏਦਾਰੀ ਦੇ ਮੋਹਰਿਆਂ ਵਾਂਗ ਕੰਮ ਕਰ ਰਹੇ ਸਨ। ਉਂਜ ਵੀ ਉਹਨਾਂ ਦਾ ਰੋਹ ਆਮ ਮਨੁੱਖਾਂ ਦੀ ਪੀੜ 'ਚੋਂ ਨਹੀਂ ਸੀ ਜਨਮਿਆ ਸਗੋਂ ਸਵੈ ਦੀ ਅੰਗਰੇਜ਼ਾਂ ਹੱਥੋਂ ਹੋਈ ਬੇਇਜ਼ਤੀ ਵਿਚੋਂ ਉਗ ਪਿਆ ਸੀ। ਉਹ ਚਾਹੁੰਦੇ ਸਨ ਕਿ ਉਹ ਅੰਗਰੇਜਾਂ ਕੋਲੋਂ ਆਪਣੀ ਬੇਇਜ਼ਤੀ ਦਾ ਬਦਲਾ ਲੈਣ ਤੇ ਇਹ ਦੇਣ ਕਿ ਉਹ ਵੀ ਉਹਨਾਂ ਕੋਲੋਂ ਘੱਟ ਨਹੀਂ ਸਨ। ਉਹਨਾਂ ਦਾ ਇੱਕੋ ਇੱਕ ਆਸ਼ਾ ਅੰਗਰੇਜਾਂ ਨੂੰ ਜ਼ਲੀਲ ਕਰਕੇ ਦੇਸ਼ ਵਿਚੋਂ ਕੱਢਣਾ ਸੀ। ਇਸ ਲਈ ਉਹਨਾਂ ਨੇ ਲੋਕਾਂ ਵਿਚ ਦੇਸ਼ ਭਗਤੀ ਦਾ ਅੰਨ੍ਹਾ ਜਜ਼ਬਾ ਉਭਾਰ ਕੇ ਆਪਣਾ ਉਲੂ ਸਿੱਧਾ ਕਰਨ ਦਾ ਟਿੱਲ ਲਾ ਦਿੱਤਾ। ਸਰਮਾਏਦਾਰੀ ਹੱਥ ਉਹਨਾਂ ਦੀ ਪਿੱਠ ਉੱਤੇ ਹੀ ਸੀ।

ਕਿਉਂਕਿ ਦੇਸ਼ ਭਗਤੀ ਵਾਲਾ ਸਰਲ ਜਿਹਾ ਜਜਬਾ ਹੈ। ਲੋਕ ਜਲਦੀ ਹੀ ਗੁੰਮਰਾਹ ਹੋ ਜਾਂਦੇ ਹਨ ਤੇ ਉਦੋਂ ਵੀ ਹੋਏ ਸਨ। ਪਰ ਜਿਥੋਂ ਤੱਕ ਇਨਕਲਾਬੀ ਵਿਚਾਰਧਾਰਾ ਦਾ ਸਬੰਧ ਹੈ ਇਹ ਤਾਂ ਸ਼ਾਧਾਰਣ ਲੋਕਾਂ ਨੂੰ ਅਜੇ ਤਕ ਨਹੀਂ ਸਮਝ ਆਈ, ਭਲਾ ਭਗਤ ਸਿੰਘ ਹੁਰੀਂ ਚਹੁੰ ਦਿਨਾਂ 'ਚ ਕਿਵੇਂ ਇਹ ਗੱਲ ਸਮਝਾ ਸਕਦੇ ਤੇ ਬਾਬੇ ਬੋਹੜ ਦੇ ਗਿਲੇ ਨੂੰ ਦੂਰ ਕਰਨ ਲਈ ਜਥੇਬੰਦੀ ਖੜ੍ਹੀ ਕਰ ਜਾਂਦੇ।

ਉਂਜ ਜੇਕਰ ਉਹ ਲੰਮੀ ਉਮਰ ਭੋਗਦੇ ਤਾਂ ਜ਼ਰੂਰ ਸਵੱਛ ਜਥੇਬੰਦੀ ਦੇ ਕੇ ਜਾਂਦੇ। ਜਿਵੇਂ ਕਿ ਭਗਤ ਸਿੰਘ ਦੀਆਂ ਲਿਖਤਾਂ ਤੋਂ ਉਸਦੀ ਸਮਾਜਵਾਦੀ ਵਿਚਾਰਧਾਰਾ ਦੀ ਗੂਹੜੀ ਪਕੜ ਉਜਾਗਰ ਹੁੰਦੀ ਹੈ। ਤੇ ਫੇਰ ਉਹ ਅਮਲ ਦੇ ਜੁਝਾਰ ਸਨ, ਜਿਹੜੀ ਚੀਜ਼ ਦਾ ਸਾਡੇ ਗੜ੍ਹ ਦੇ ਖੱਬਾ-ਪੱਖੀ ਲੀਡਰਾਂ ਵਿਚ ਅਭਾਸ ਹੈ।

ਭਗਤ ਸਿੰਘ ਦੀ ਸੂਝ ਬਿਲਕੁਲ ਸਹੀ ਦਿਸ਼ਾ ਅਪਣਾ ਰਹੀ ਸੀ ਜਿਵੇਂ ਜਹਾਜ਼ ਦੀ ਕੰਪਾਸ ਦੀ ਸੂਈ ਆਪਣੀ ਸੇਧ ਪਕੜਦੀ ਹੈ।

ਸੋ ਸਾਡੇ ਮਹਾਰਥੀਆਂ ਨੂੰ ਇਹ ਗੱਲ ਨਹੀਂ ਸੋਝਦੀ ਕਿ ਉਹ ਆਪ ਅਮਲ ਵਿਚ ਕੁਝ ਕਰਕੇ ਦੱਸਣ ਨਾ ਤੇ ਜੇ ਕਿਸੇ ਨੇ ਕੁਝ ਕੀਤਾ ਹੈ ਤਾਂ ਉਸਨੂੰ ਬਹੁਤਾ ਚੰਗਾ ਨਹੀਂ ਕਹਿਕੇ ਭੰਡਦੇ।

ਹਾਂ ਜੇ ਉਹ ਕੁਝ ਕਹਿਣਾ ਹੀ ਚਾਹੁੰਦੇ ਹਨ ਤਾਂ ਉਹਨਾਂ ਸਰਮਾਏਦਾਰ ਦੀਆਂ ਚਾਲਾਂ ਨੂੰ ਨਿੰਦਣ ਜਿਹੜੇ ਭਗਤ ਸਿੰਘ ਹੁਰਾਂ ਦੁਆਲੇ ਰੁਮਾਂਚਿਕ ਕਿਸਮ ਦੀ ਸ਼ਹੀਦੀ ਦਾ ਪਰਵਾਰ ਉਣਕੇ ਉਹਨਾਂ ਨੂੰ ਸਧਾਰਣ ਲੋਕਾਂ ਦੀ ਪਕੜ ਤੋਂ ਬਾਹਰ ਖਿੱਚੀ ਫਿਰਦੇ ਹਨ।

ਪਰ ਜੇ ਸੇਖੋਂ ਹੁਰੀਂ ਫੇਰ ਵੀ ਬਾਜ਼ ਨਹੀਂ ਆਉਣਾ ਚਾਹੁੰਦੇ ਤਾਂ ਘੱਟੋ ਘੱਟ ਉਨਾ ਕੁ ਜਰੂਰ ਕਰਕੇ ਵਿਖਾ ਛੱਡਣ ਜਿੰਨਾ ਕੁ ਭਗਤ ਸਿੰਘ ਹੁਰਾਂ ਨੇ ਕਰਿਆ ਸੀ। ਮਾਰਕਸਿਜ਼ਮ ਦੀ ਵਿਆਖਿਆ ਜਾਂ ਸਾਹਿਤ ਦੀ ਮਾਰਕਸਵਾਦ ਦੇ ਕੋਣ ਤੋਂ ਵਿਆਖਿਆ ਕਰ ਛੱਡਣੀ ਕੋਈ ਪ੍ਰਾਪਤੀ ਨਹੀਂ ਜੇਕਰ ਉਹ ਅਮਲੋਂ ਵਿਹੂਣੀ ਹੈ ਕਿਉਂਕਿ ਮੈਨੂੰ ਪੂਰੀ ਉਮੀਦ ਹੈ ਕਿ ਸੇਖੋਂ ਸਾਹਿਬ ਦਾ ਜੁਆਨੀ ਵੇਲੇ ਦਾ ਸੀਰੀ ਅਜੇ ਵੀ ਸੀਰੀ ਹੀ ਚਲਿਆ ਆਉਂਦਾ ਹੋਣਾ ਹੈ ਤੇ ਸੇਖੋਂ ਹੋਰੀਂ ਜੱਟ ਦੇ ਜੱਟ। ਉਹਨਾਂ ਵਿਚਲੀ ਮਾਰਕਸਵਾਦ ਦੀ ਵਿਆਖਿਆ ਦੀ ਦੀਵਾਰ ਅਜੇ ਤੱਕ ਨਹੀਂ ਟੱਟੀ ਹੋਣੀ ਕਿਉਂਕਿ ਤੋੜਣ ਵਾਲੇ ਦੇ ਹੱਥ ਨਿਗੁਣੇ ਜਿਹੇ, ਨਾ ਦਾਤੀ ਹੈ ਤੇ ਨਾ ਹੀ ਹਥੌੜਾ।

ਜਗਰੂਪ ਸਿੰਘ ਰੂਪ

o

(2) ਸਮਤਾ ਵਿਚ ਕੁਲਦੀਪ ਨਯੀਅਰ ਦਾ ਲੇਖ 'ਪੁਲਸ ਦਾ ਮਾਨਵੀਕਰਨ' ਨਜ਼ਰਾਂ 'ਚ ਗੁਜ਼ਰਿਆ। ਕਾਫੀ ਮੁਤਾਸਰ ਕੀਤਾ ਸੂ। ਨਯੀਅਰ ਸਾਹਿਬ ਨੇ ਇਹ ਗੱਲ ਬੜੇ ਪਤੇ ਦੀ ਆਖੀ ਏ ਕਿ ਨੌਕਰੀ ਪਾਉਣ ਵਾਲਾ ਆਪਣੀ ਤਾਲਿਬ ਇਲਮੀ ਦੇ ਸਮੇਂ ਵਿਚ ਕਿਸੇ ਕਮਿਊਨਿਸਟ ਸੰਸਥਾ ਦਾ ਮੈਂਬਰ ਜਾਂ ਹਮਦਰਦ ਤਾਂ ਨਹੀਂ ਰਿਹਾ ਏ। ਇਹਨਾਂ ਨੌਕਰੀਆ ਲਈ ਕੱਟੜ ਕਿਸਮ ਦੇ ਫਿਰਕਾ ਪ੍ਰਸਤ ਮਨਜ਼ੂਰ ਹਨ ਪਰ ਇਕ ਕਮਿਊਨਿਸਟ ਨਹੀਂ।

ਚੂੰਕਿ ਸਭ ਕੁਝ ਅਤੇ ਖਾਸ ਕਰਕੇ ਇੰਤਜ਼ਾਮੀਆਂ ਫੌਜ ਵਗੈਰਾ ਦਾ ਢਾਂਚਾ ਸਾਨੂੰ ਅੰਗਰੇਜ਼ਾਂ ਤੋਂ ਜਿਉਂ ਦਾ ਤਿਉਂ ਵਿਰਸੇ ਵਿਚ ਮਿਲਿਆ ਹੈ, ਇਸ ਲਈ ਇਸ ਨਾਲ ਉਹ ਸਾਰੀਆਂ ਲੋਕ ਦੁਸ਼ਮਣ ਗੱਲਾਂ ਵੀ ਅਜ ਤਕ ਤੁਰਦੀਆਂ ਆ ਰਹੀਆਂ ਹਨ। ਏਥੋਂ ਤਕ ਕਿ ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲਿਆਂ ਦੀਆਂ ਜੋ ਮਿਸਲਾਂ ਅੰਗਰੇਜ਼ ਥਾਨਿਆਂ ਵਿਚ ਅੰਗਰੇਜ਼ ਸਰਕਾਰ ਨੇ ਤਿਆਰ ਕੀਤੀਆਂ, ਉਹ ਹੀ ਮਿਸਲਾਂ ਅਜ ਵੀ ਸਾਡੇ ਜਮਹੂਰੀਅਤ ਪਸੰਦਾਂ ਦੇ ਕਿਰਦਾਰ ਨਿਸਚੱਤ ਕਰਦੀਆਂ ਹਨ। ਜੇ ਕਦੀ ਵੀ ਕਿਸੇ ਐਸੀ ਤਸਦੀਕ ਦੀ ਲੋੜ ਪੈਂਦੀ ਏ ਤਾਂ ਥਾਨੇ ਦਾ ਬੇਸ਼ਊਰ ਮਸ਼ੀਨੀ ਰਿਸ਼ਵਤ ਖੋਰ ਥਾਨੇਦਾਰ ਮੱਖੀ ਤੇ ਮੱਖੀ ਮਾਰ ਦੇਂਦਾ ਏ।

ਸਾਡਾ ਆਈਨ ਤਿਨ ਬੁਨਿਯਾਦੀ ਅਸੂਲਾਂ ਤੇ ਖੜਾ ਕੀਤਾ ਗਿਆ ਏ ਅਤੇ ਉਹ ਬੁਨਿਯਾਦੀ ਅਸੂਲ ਹਨ ਜਮਹੂਰੀਅਤ, ਸੋਸ਼ਲਇਜ਼ਮ ਅਤੇ ਸੈਕੂਲਰਇਜ਼ਮ। ਅਲਬੱਤਾ ਜੇਕਰ ਅਸੀਂ ਗੌਰ ਨਾਲ ਇਹਨਾਂ ਤਿੰਨਾਂ ਅਸੂਲਾਂ ਦੀ ਪਰਖ ਪੜਚੋਲ ਅਜੋਕੇ ਪ੍ਰਸੰਗ ਵਿਚ ਕਰੀਏ ਤਾਂ ਸਾਡੇ ਸਾਹਮਣੇ ਇਕ ਹਕੀਕਤ ਦਿਨ ਦੀ ਰੋਸ਼ਨੀ ਤਰ੍ਹਾਂ ਜਾਹਰ ਹੁੰਦੀ ਏ ਕਿ ਇਹਨਾਂ ਤੋਂ ਹੇਠ ਲਿਖੇ ਭਾਵ ਲਏ ਜਾਂਦੇ ਹਨ।

ਜਮਹੂਰੀਅਤ ਦੀਆਂ ਭਾਵਨਾਵਾਂ ਤੋਂ ਅਸੀਂ ਮਤਲਬ ਲਿਆ ਏ ਲੁੱਟ ਖਸੁੱਟ, ਬਲੈਕਮਾਰਕਿਟ, ਸਮਗਲਿੰਗ ਰਿਸ਼ਵਤ ਖੋਰੀ, ਲੱਚਰਪਣ ਅਤੇ ਹੇਰਾ ਫੇਰੀ। ਇਸ ਵਿਚ ਸਰਕਾਰੀ ਵਜ਼ੀਰ ਅਤੇ ਇੰਤਜ਼ਾਮੀਆਂ ਬਰਾਬਰ ਸ਼ਰੀਕ ਹੁੰਦੀ ਏ। ਕਿਉਂਕਿ ਵਜ਼ੀਰੀ ਮਿਲਦੀ ਏ ਵੋਟਾਂ ਨਾਲ ਤੇ ਕੰਮ ਚਲਦਾ ਏ ਇੰਤਜ਼ਾਮੀਆਂ ਦੀ ਮੱਦਦ ਨਾਲ। ਇਸ ਕਰਕੇ ਇਹ ਸਭ ਲੋਕ ਇਕ ਦੂਜੇ ਵਿਚ ਘਿਓ ਖਿਚੜੀ ਹੁੰਦੇ ਹਨ। ਗੁਜ਼ਸਤਾ 34 ਸਾਲ ਦੀ ਤਾਰੀਖ ਇਸ ਗੱਲ ਦੀ ਗਵਾਹ ਏ। ਜਮਹੂਰੀਅਤ ਦੇ ਇਸਤੋਂ ਵੱਖਰੇ ਹੋਰ ਕੋਈ ਅਰਥ ਨਹੀਂ ਹੋ ਸਕਦੇ। ਸੋਸ਼ਿਲ-ਇਜ਼ਮ—ਭਾਵ ਸਮਾਜਵਾਦ ਨਹਿਰੂ ਦਾ ਇਕ ਖਵਾਬ ਸੀ, ਜਿਸਨੇ ਆਪਣੇ ਆਦਰਸ਼ਵਾਦੀ ਨਜ਼ਰੀਏ ਕਾਰਨ, ਇਸਨੂੰ ਖੁੱਸੀ ਕਰਕੇ ਜਮਹੂਰੀਅਤ ਨਾਲ ਨੱਥੀ ਕਰ ਦਿਤਾ ਤਾਂ ਕਿ ਜਦੋਂ ਕਦੀ ਵੀ ਇਸ ਜ਼ੋਰਦਾਰ ਅਵਾਮੀ ਤੇ ਇਕਤਸਾਦੀ ਸਿਆਸੀ ਤਹਿਰੀਕ ਦੀ ਗੱਲ ਲੋਕਾਂ ਵਿਚ ਤੁਰੇ ਤਾਂ ਆਪਣੇ ਆਈਨ ਦੇ ਪਟਾਰੇ ਵਿਚੋਂ ਸਮਾਜ਼ਵਾਦ ਦਾ ਰੰਗਬਰੰਗਾ ਨਾਅਰਾ ਕੱਢਕੇ ਲੋਕਾਂ ਨੂੰ ਧੋਖਾ ਦਿਤਾ ਜਾ ਸਕੇ ਅਤੇ ਇਹ 1950 ਤੋਂ ਬਰਾਬਰ ਹੁੰਦਾ ਆ ਰਿਹਾ ਏ। ਸੈਕੂਲਰਇਜ਼ਮ ਭਾਵ ਧਰਮ ਨਿਰਪੱਖਤਾ, ਇਹ ਵੀ ਅਕਸਰੀਅਤ ਵਾਲੀ ਕਾਂਗਰਸ ਬੁਰਜੂਆ ਪਾਰਟੀ ਦੀ ਭਾਰਤ ਦੀਆਂ ਵੱਖ ਵੱਖ ਅਸਲੀਅਤਾਂ ਨੂੰ ਭਰਮਾਵਣ ਲਈ ਇਕ ਛਲਾਵਾ ਸੀ।

ਗੁਜ਼ਸ਼ਤਾ 34 ਵਰਿਆਂ ਵਿਚ ਜਿਤਨੇ ਫਿਰਕਾਦਾਰਾਨਾ ਫਸਾਦ, ਜਿੰਨੀਆਂ ਫਿਰਕਾਦਾਰਾਨਾਂ ਬੇਇਨਸਾਫੀਆਂ ਅਤੇ ਘੱਟ ਗਿਣਤੀ ਲੋਕਾਂ ਨਾਲ ਸਰਕਾਰੀ ਧੋਖੇ ਹੋਏ ਇਤਨੇ ਅੰਗਰੇਜ਼ ਸਰਕਾਰ ਦੇ ਦੋ ਸੌ ਸਾਲਾ ਹਕੂਮਤ ਵਿਚ ਨਹੀਂ ਹੋਏ।

ਵਜ੍ਹਾ ਸਾਰ ਏ — ਕਿਉਂਕਿ ਉਪਰੋਕਤ ਵਸਫਾਂ ਵਾਲਾ ਕੋਈ ਫਰਦ ਵੱਡੀ ਨੌਕਰੀ ਨਹੀਂ ਪਾ ਸਕਦਾ। ਜੇ ਕੋਈ ਆ ਜਾਵੇ, ਉਸਨੂੰ ਸ਼ੱਕ ਦੀਆਂ ਨਜ਼ਰਾਂ ਨਾਲ

ਵੇਖਿਆ ਜਾਂਦਾ ਏ। ਅਸਲ ਵਿਚ ਸਹੀ ਮੈਨਿਆਂ ਵਿਚ ਜਮਹੂਰ ਪਸੰਦੀ, ਸ਼ੋਸ਼ਲਿਸਟ-ਨਵਾਜ਼ੀ ਅਤੇ 'ਸੈਕੂਲਰ ਹੋਣਾ ਐਸੇ ਅਫਸਰ ਲਈ ਆਪਣੇ ਉਤੇ ਜ਼ੁਲਮ ਕਰਨ ਦੇ ਤੁੱਲ ਏ। ਇਹੋ ਵਜ੍ਹਾ ਏ ਕਿ ਚੰਗੀਆਂ ਅਛੀਆਂ ਪਦਵੀਆਂ ਲਈ ਸਿਵਲ, ਫੌਜ, ਪੁਲਸ ਫਾਰਨ ਸਰਵਿਸ ਵਗ਼ੈਰਾ ਵਗ਼ੈਰਾ ਵਿਚ ਭਰਤੀ ਕਰਨ ਲਗਿਆਂ ਇਸ ਗੱਲ ਦਾ ਖਾਸ ਖਿਆਲ ਰਖਿਆ ਜਾਂਦਾ ਏ ਕਿ ਐਸੇ ਭਰਤੀ ਹੋਏ ਅਫਸਰ ਦਾ ਤੁਅਲਕ ਸੈਕੂਲਰ, ਜਮਹੂਰ ਅਤੇ ਸੋਸ਼ਲ-ਇਸਟ ਖ਼ਿਆਲਾਂ ਅਤੇ ਕਦਰਾਂ ਕੀਮਤਾਂ ਵਾਲੇ ਲੋਕਾਂ ਜਾਂ ਜਮਾਤਾਂ ਨਾਲ ਕਦੀ ਵੀ ਨਾ ਰਿਹਾ ਹੋਵੇ। ਉਹ ਭਾਵੇਂ ਬਿਲਕੁਲ ਬਦਤਰ ਕਿਸਮ ਦਾ ਫਿਰਕਾਪ੍ਰਸਤ ਜਾਂ ਫਾਸ਼ੀ ਜਮਾਤਾਂ ਨਾਲ ਰਿਹਾ ਹੋਵੇ ਜਾਂ ਐਸੇ ਖਿਆਲ ਰੱਖਦਾ ਹੋਵੇ। ਇਸ ਗੱਲ ਦੀ ਤਸਦੀਕ ਲਈ ਸ਼ਊਰੀ ਤੌਰ ਤੇ ਕੌਰੇ ਥਾਨੇਦਾਰ ਕੋਲੋਂ ਕਿਰਦਾਰ ਦਾ ਸਰਟੀਫੀਕੇਟ ਮੰਗਿਆ ਜਾਂਦਾ ਹੈ। ਸੋਸ਼ਲਇਸਟ, ਕਮਿਊਨਿਸਟ, ਸੈਕੂਲਰ ਅਤੇ ਜਮਹੂਰੀ ਹੋਣਾ ਅਤੇ ਜ਼ਰਾਇਮ ਪੇਸ਼ਾ ਹੋਣਾ ਥਾਨਿਆਂ ਵਿਚ ਇਕ ਮਤਲਬ ਰੱਖਦਾ ਏ। ਅਲਬਤਾ ਇੰਤਹਾਈ ਫਿਰਕਾਪ੍ਰਸਤ ਅਤੇ ਫਾਸ਼ੀ ਹੋਣਾ ਇਸ ਵਿਚ ਸ਼ਾਮਿਲ ਨਹੀਂ।

ਇਹੋ ਹੀ ਸਭ ਤੋਂ ਵਡੀ ਵਜ੍ਹਾ ਏ ਕਿ ਤਕਰੀਬਨ ਆਜ਼ਾਦੀ ਦੀ ਨਿਸਫ ਸੱਦੀ ਗੁਜ਼ਰ ਜਾਣ ਦੇ ਬਾਵਜੂਦ ਵੀ ਸਾਡੇ ਆਈਨ ਦੇ ਬੁਨਿਆਦੀ ਅਸੂਲਾਂ ਮੁਤਾਬਿਕ ਮਾਹੌਲ ਨਹੀਂ ਬਣ ਸਕਿਆ ਏ। ਇਸ ਵਕਤ ਸਾਡਾ ਇੰਤਜ਼ਾਮੀਆਂ ਫੌਜ, ਪੁਲੀਸ ਫਾਰਨ ਸਰਵਿਸ ਅਤੇ ਦੀਗਰ ਅਹਿਮ ਸਰਵਿਸਾਂ ਵਿਚ ਇੰਤਹਾਈ ਫਿਰਕਾਪ੍ਰਸਤ ਅਤੇ ਫਾਸ਼ੀ ਖ਼ਿਆਲਾਂ ਦੇ ਅਫਸਰਾਂ ਦੀ ਭਰਮਾਰ ਏ, ਕਿਹੜੇ ਇਨਸਾਨੀਅਤ ਦੇ ਬੁਨਿਆਦੀ ਕਿਰਦਾਰ ਤੋਂ ਵੀ ਸਖਣੇ ਹਨ।

ਇਕਬਾਲ ਤਬੱਸਮ-ਸਿਰੀਨਗਰ ਕਸ਼ਮੀਰ

o

(3) ਤੁਹਾਡਾ ਪਾਰਟੀਆਂ ਦੀ ਐਜੀਟੇਸ਼ਨ ਉਪਰ ਨਾਟਕ ਪੜ੍ਹਿਆ ... ਪਰ ਬੇਨਤੀ ਕਰਾਂਗਾ ਕਿ ਪਾਸ਼ ਦੀ ਲਿਖੀ ਆਖਿਰੀ ਕਹਾਣੀ "ਦੋ-ਦੂਣੀ-ਚਾਰ" ਵੀ ਅੱਖੋਂ ਉਹਲੇ ਨਹੀਂ ਕੀਤੀ ਜਾਣੀ ਚਾਹੀਦੀ। ਪਾਰਟੀਆਂ ਦੇ ਰੋਲ ਤੇ ਕਿੰਤੂ ਕਰਦੇ ਵਕਤ ਲੋਕਾਂ ਦੀ ਰੁਚੀ, ਸੂਝ-ਬੂਝ ਅਤੇ ਕੁਰਬਾਨੀ ਕਰਨ ਦੀ ਹੱਦ ਨੂੰ ਮੱਦੇ ਨਜ਼ਰ ਰੱਖਣਾ ਵੀ ਜ਼ਰੂਰੀ ਬਣਦਾ ਹੈ। ਮੈਂ ਲੋਕਾਂ ਦੇ ਖਾੜਕੂ ਵਿਰਸੇ ਤੇ ਸ਼ੱਕ ਨਹੀਂ ਕਰਦਾ ਪਰ ਤੂੰ ਨਹਿਰੂ ਖਾਨਦਾਨ ਦੀ ਸੌ ਸਾਲਾ ਹਕੂਮਤ (1885—ਮੋਤੀ ਲਾਲ...) ਅਤੇ ਦਬ-ਦਬੇ ਵਿਚ ਖਾੜਕੂ ਹਿਸਟਰੀ ਦਾ ਮਲੀਆ ਮੇਟ ਕਰਕੇ ਰਖ ਦਿਤਾ ਗਿਆ ਹੈ ਅਤੇ ਅੱਜ ਬਹੁ-ਸੰਮਤੀ ਹਰ ਇਕ ਜ਼ੁਲਮ ਨੂੰ ਸਤਿਨਾਮ ਕਹਿ ਕੇ ਕਬੂਲੀ ਜਾ ਰਹੀ ਹੈ......ਭਾਵੇਂ ਤੁਹਾਡੇ ਵਰਗੇ 'ਮਨੁੱਖ' ਕਿਤੇ ਕਿਤੇ ਹੋਰ ਵੀ ਹੋਣਗੇ ਜੋ ਲੋਕਾਂ ਦੀ ਜ਼ਮੀਰ ਨੂੰ ਜਾਗਰਤ ਕਰਨ ਦੀ ਕੋਸ਼ਿਸ਼ਾਂ ਵਿਚ ਲਗੇ ਹੋਣਗੇ ਪਰ ਮਾਫ ਕਰਨਾ ਇਕੱਲੇ ਇਕੱਲੇ...ਤੁਹਾਡੇ ਵਰਗੇ ਅਣਥਕ ਅਤੇ ਜੁਝਾਰੂ ਇਨਸਾਨ ਵੀ ਕੋਈ ਤਕੜਾ ਹਲੂਣਾ ਨਹੀਂ ਦੇ ਸਕੇ......ਆਖਿਰ ਜਥੇਬੰਦੀਆਂ ਹੀ ਕੰਮ ਸਿਰੇ ਚਾੜ੍ਹਣਗੀਆਂ...

ਪ੍ਰਧਾਨ ਮੰਤਰੀ ਜੀ ਨੇ ਅੱਠ ਆਨੇ ਕਵਿੰਟਲ ਮਗਰ ਗੰਨ ਦਾ ਭਾ ਵਧਾਇਆ ਸੀ (ਮਾਫ਼ੇ 12—13) ਪਰ ਇਹ ਜਥੇਬੰਦੀਆਂ ਅਤੇ ਲੋਕਾਂ ਦੀ ਮਿਲੀ ਜੁਲੀ ਕੋਸ਼ਿਸ਼ ਹੀ ਸੀ ਜਿਸ ਹਿੱਕ ਦੇ ਜ਼ੋਰ 13 ਤੋਂ 26 ਰੁਪਏ ਪ੍ਰਤੀ ਕਵਿੰਟਲ ਵਸੂਲ ਕਰ ਲਏ ਹਨ......ਇਹ ਕੋਈ ਛੋਟੀ ਕਾਮਯਾਬੀ ਨਹੀਂ ਹੈ।

ਉਂਜ ਜੇ ਬਹੁਤੀ ਵੱਡੀ ਕਾਮਯਾਬੀ ਵੀ ਨਹੀਂ ਤਾਂ ਵੀ ਘਟੋ ਘਟ ਲੋਕਾਂ ਦਾ ਸੰਘਰਸ਼ਾਂ ਵਿਚ ਵਿਸ਼ਵਾਸ਼ ਤਾਂ ਜ਼ਰੂਰ ਬੱਝਦਾ ਹੈ...ਗੰਨੇ ਤੋਂ ਖੰਡ ਤਾਂ ਸ਼ੱਕਰ ਸਦੀਆਂ ਤੋਂ ਬਣਦੀ ਆ ਰਹੀ ਹੈ ਪਰ ਇਹ ਪਹਿਲੀ ਵੇਰਾਂ ਹੀ ਹੋਇਆ ਕਿ ਅਨਪੜ੍ਹ ਕਿਸਾਨ ਵੀ ਗਿਣਤੀ-ਮਿਣਤੀ ਕਰਨ ਲੱਗ ਪਏ ਹਨ ਕਿ ਕਵਿੰਟਲ ਗੰਨੇ ਵਿਚੋਂ ਸਾਡੇ ਅੱਠ ਕਿੱਲੋ ਨਿਕਲੀ ਖੰਡ, ਉਹ ਹੋਈ ਸੱਤ੍ਰਾਂ ਦੀ ਤੇ ਸਾਨੂੰ ਮਿਲੇ 23...ਆਦਿ ਆਦਿ

ਹੁਣ ਮੁਲਕ ਦੀ ਕਿਸਾਨੀ ਜਾਗ੍ਰਿਤ ਹੋ ਰਹੀ ਹੈ—ਇਹ ਇਕ ਸ਼ੁਭ ਸਗਨ ਹੈ—ਸੋ ਮੈਂ ਆਪ ਜੀ ਨੂੰ ਨਿਮਰਤਾ ਪੂਰਵਕ ਫਿਰ ਬੇਨਤੀ ਕਰਨਾ ਚਾਹਾਂਗਾ ਕਿ ਇਸ ਵਕਤ ਜੋ ਵੀ ਖੁਦਗਰਜ਼, ਬੇਸ਼ਰਮ ਕਾਂਗਰਸੀਆਂ ਵਿਰੁਧ ਕਿਸਾਨਾਂ ਮਜ਼ਦੂਰਾਂ ਨੂੰ ਲਾਮਬੰਦ ਕਰਦਾ ਹੈ—ਉਸਨੂੰ ਸ਼ਾਬਾਸ਼ ਦਿਉ। ਲਾਮਬੰਦੀ ਚਾਹੇ ਬਖਤ ਮਾਮੂਲੀ ਵੀ ਕਿਉਂ ਨਾ ਹੋਵੇ ਸਾਨੂੰ ਹੌਂਸਲਾ ਸ਼ਿਕਨੀ ਨਹੀਂ ਕਰਨੀ ਚਾਹੀਦੀ ਜਾਂ ਉਸਦਾ ਮਖੌਲ ਉਡਾਨਾ ਬਹੁਤੀ ਵਧੀਆ ਗੱਲ ਨਹੀਂ।

ਐਮ, ਸੀ. ਭਾਰਦਵਾਜ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਪ੍ਰਭਜੋਤ ਪ੍ਰਿੰਟਿੰਗ ਪ੍ਰੈਸ, ਬਹਾਦਰ ਨਗਰ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਰਨਾਮਾ : ਗੁਰੂ ਖ਼ਾਲਸਾ ਨਿਵਾਸ ਡਾਕਖਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143002

ਵਾਰਸ਼ਿਕ ਚੰਦਾ : 20 ਰੁਪਏ, ਵਿਦੇਸ਼ 60 ਰੁਪਏ

Registered with Registrar of News Paper Vide No. [illegible] 397-D dated 14.8.80

# ਇਕ ਚਿੱਠੀ–ਬੀ. ਐਸ. ਦਾਨੇਵਾਲੀਆ ਰੀਟਾਇਰਡ ਇੰਸਪੈਕਟਰ ਜਨਰਲ ਆਫ ਪੁਲੀਸ (ਪੰਜਾਬ) ਦੀ ਚੀਫ ਮਨਿਸਟਰ ਸ੍ਰ: ਦਰਬਾਰਾ ਸਿੰਘ ਦੇ ਨਾਂ :

(ਇਹ ਚਿੱਠੀ ਅਸੀਂ ਬਗ਼ੈਰ ਕਿਸੇ ਟਿਪਣੀ ਦੇ ਛਾਪ ਰਹੇ ਹਾਂ) —ਸੰਪਾਦਕ

ਚੰਦੀਗੜ੍ਹ-ਮਿਤੀ 24-1-81

ਮਾਨਯੋਗ ਸਰਦਾਰ ਸਾਹਿਬ ਜੀ,

ਮੈਨੂੰ ਮੌਜੂਦਾ ਬੱਸ ਐਜੀਟੇਸ਼ਨ ਦੇ ਦਰਮਿਆਨ ਪੁਲਸ ਵਲੋਂ ਵਿਦਿਆਰਥੀਆਂ ਅਤੇ ਨੌਜਵਾਨ ਜਥੇਬੰਦੀਆਂ ਦੇ ਵਿਰੁਧ ਬੇਲੋੜੇ ਤਸ਼ੱਦਦ ਵਰਤੇ ਜਾਣ ਦੀਆਂ ਰੀਪੋਰਟਾਂ ਵੀ ਮਿਲੀਆਂ ਹਨ ਤੇ ਇਹ ਖਬਰਾਂ ਵੀ ਪੜ੍ਹਣ ਨੂੰ ਮਿਲੀਆਂ ਹਨ। ਮੈਂ ਜਦੋਂ ਪੁਲਸ ਦੀ ਨੌਕਰੀ ਵਿਚ ਸਾਂ ਤਾਂ ਮੈਂ ਹਮੇਸ਼ਾਂ ਕੋਸ਼ਿਸ਼ ਕੀਤੀ ਸੀ ਕਿ ਪੁਲੀਸ ਦੇ ਤੁਅਲ-ਕਾਤ ਵਿਦਿਆਰਥੀਆਂ ਅਤੇ ਨੌਜਵਾਨਾਂ ਨਾਲ ਬੇਹਤਰ ਹੋਣ ਇਸ ਕਰਕੇ ਮੇਰੀ ਹਮੇਸ਼ਾਂ ਇਹ ਕੋਸ਼ਿਸ਼ ਰਹੀ ਸੀ ਕਿ ਵਿਦਿਆਰਥੀਆਂ ਦੇ ਸਬੰਧ ਵਿਚ ਕਿਸੇ ਵੀ ਕਾਰਵਾਈ ਵਿਚ ਬੜੇ ਸਬਰ, ਅਤੇ ਤਾਹੁਮਲ ਮਿਜ਼ਾਜੀ ਨਾਲ ਕੰਮ ਲਿਆ ਜਾਵੇ ਤਾਂ ਜੋ ਐਵੇਂ ਬੇਲੋੜਾ ਹਿੰਸਕ ਕੋਈ ਵੀ ਐਕਸ਼ਨ ਨਾਂ ਹੋਵੇ। ਮੈਂ ਇਹਦੇ ਬਾਰੇ ਵਿਸ਼ੇਸ਼ ਤੌਰ ਤੇ ਹਿਦੈਤਾਂ ਦਿਤੀਆਂ ਸਨ। ਮੇਰਾ ਖਿਆਲ ਨਹੀਂ ਕਿ ਉਹਨਾਂ ਹਿਦੈਤਾਂ ਵਿਚ ਤੁਸੀਂ ਕੋਈ ਤਬਦੀਲੀ ਕੀਤੀ ਹੈ। ਪਰ ਜੋ ਤਬਦੀਲੀ ਵੇਖਣ ਵਿਚ ਆ ਰਹੀ ਹੈ, ਉਹ ਤੁਹਾਡੀ ਸਰਕਾਰ ਅਤੇ ਕਾਂਗਰਸ ਪਾਰਟੀ ਦੇ ਰਵੀਯੇ ਵਿਚ ਵੇਖਣ 'ਚ ਆ ਰਹੀ ਹੈ। ਜੋ ਬਿਨਾਂ ਕਾਰਨ ਹੀ ਬਦਲਾਲਊ ਕਾਰਵਾਈਆਂ ਦਾ ਰੂਪ ਧਾਰ ਰਹੀ ਹੈ।

ਵਿਦਿਯਾਰਥੀ ਅਤੇ ਨੌਜਵਾਨ ਜਥੇਬੰਦੀਆਂ ਦੀ ਆਵਾਜ਼ ਅਸਲ ਵਿਚ 65 ਫੀ ਸਦੀ ਪੜ੍ਹੇ ਲਿਖੇ ਅਤੇ ਦਿਹਾਤੀ ਇਲਾਕਿਆਂ ਵਿਚ 80 ਫੀ ਸਦੀ ਪੜ੍ਹੇ ਲਿਖੇ ਲੋਕਾਂ ਦੀਆਂ ਵੋਟਾਂ ਦੇ ਪ੍ਰਤੀਕਰਮ ਦੀ [illegible]ਗੀ ਕਰਦੀ ਹੈ। ਪੇਂਡੂ ਜਨਤਾ ਹੁਣ ਤੱਕ ਬ[illegible]ਸ ਅਤੇ ਅਕਾਲੀ ਸਰਕਾਰਾਂ ਨੇ ਅਨਪੜ੍ਹ[illegible]। ਵਿਦਿਆਰਥੀਆਂ ਅਤੇ ਸੀ. ਪੀ. ਆਈ ([illegible]) [illegible] ਹਿੰਸਕ ਕਾਰਵਾਈਆਂ ਦਾ ਪੂਰਾ ਤਿਆ[illegible] ਹੈ। ਉਹ ਹਿੰਦੋਸਤਾਨ ਦੀ ਜਮਹੂਰੀ ਸਿਆਸਤ ਵਿਚ ਅਪਣਾ ਪੂਰਾ ਹਿੱਸਾ ਪਾਉਣਾ ਚਾਹੁੰਦੇ ਹਨ, ਪਰ ਸ਼ਰਤ [illegible]ਹ ਹੈ ਕਿ ਤੁਸੀਂ ਉਹਨਾਂ ਨੂੰ ਇਸ ਤਰ੍ਹਾਂ ਕਰਨ ਦੇਵੋ। ਉਹਨਾਂ ਦੇ ਸਾਰੇ ਮੁਜ਼ਾਹਰੇ, ਰੈਲੀਆਂ ਆਮ ਤੌਰ ਤੇ ਪੁਰ ਅਮਨ; [illegible]ਹੂਰੀ ਲੀਆਂ ਤੇ ਚਲਣ ਵਾਲੇ ਅਤੇ ਵਿਧਾਨਿਕ ਹੱਕ [illegible] ਸੀਮਾਵਾਂ ਦੇ ਅੰਦਰ ਅੰਦਰ ਹਨ। ਇਹ ਉਹਨਾਂ ਦਾ ਹੱਕ ਹੈ ਕਿ ਉਹ ਤੁਹਾਡੀਆਂ ਸਰਕਾਰੀ ਨੀਤੀਆਂ ਦੇ ਵਿਰੋਧ ਰੋਸ ਪ੍ਰਗਟ ਕਰਨ ਤੇ ਅਪਣਾ ਦ੍ਰਿਸ਼ਟੀਕੋਣ ਤੁਹਾਡੇ ਤਕ ਪੁਚਾਣ। ਬਸ ਕਿਰਾਯੇ ਬਾਰੇ ਸੋਚ ਵਿਚਾਰ ਕਰਨ ਵਾਸਤੇ ਤੁਸੀਂ ਇਹ ਦ੍ਰਿਸਟੀਕੋਣ ਜਾਨਣ ਵਾਸਤੇ ਪਹਿਲੇ ਖੁਲ੍ਹਾ ਸੱਦਾ ਵੀ ਸਾਰਿਆਂ ਨੂੰ ਦਿਤਾ ਸੀ। ਤੁਸੀਂ ਅਕਾਲੀ-ਦਲ (ਲੋਂਗੋਵਾਲ) ਸੀ. ਪੀ. ਆਈ ਅਤੇ ਸੀ. ਪੀ. ਐਮ ਗਰੁਪਾ ਨਾਲ ਗਲ ਬਾਤ ਵੀ ਕੀਤੀ ਪਰ ਤੁਸੀਂ ਜਾਣ ਬੁਝ ਕੇ ਵਿਦਿਆਰਥੀਆਂ ਨੂੰ ਅਖੋਂ ਪਰੋਖੇ ਕਰ ਦਿਤਾ ਅਤੇ ਤੁਹਾਡੇ ਇਕ ਸਕਤ੍ਰ ਨੇ ਬੜੇ ਹੈਂਕੜਾਂ ਵਾਂਗ ਇਹ ਏਲਾਨ ਕਰ ਦਿਤਾ ਕਿ ਇਹ ਲੋਕ ਅਤਿਵਾਦੀ ਹਨ ਅਤੇ ਕਿਸੇ ਵੀ ਲੋਕਾਂ ਦੀ ਕੋਈ ਨੁਮਾਇੰਦਗੀ ਨਹੀਂ ਕਰਦੇ, ਇਸਦੇ ਬਾਅਦ ਜੋ ਕਝ ਹੋਇਆ, ਉਹ ਹਰ ਸਰਕਾਰ ਪਬਲਿਕ ਵਿਚ ਕੁਟਿਆ ਗਿਆ। ਗੋਲੀਆਂ ਨਾਲ ਉਹਨਾਂ ਨੂੰ ਭੁੰਨਿਆ ਗਿਆ। ਨਿਕੇ ਬਚਿਆਂ ਨੂੰ ਉਹਨਾਂ ਦੀਆਂ ਪਗਾਂ ਨਾਲ ਬੰਨ੍ਹ ਕੇ ਸੜਕਾਂ ਤੇ ਧੂਇਆ ਗਿਆ ਝੂਠੇ ਕੇਸਾਂ ਵਿਚ ਉਹਨਾਂ ਨੂੰ ਜੇਲ੍ਹਾਂ ਵਿਚ ਪਾਇਆ ਗਿਆ। ਅਤੇ ਇਸ ਅੰਨ੍ਹੇ ਤਸ਼ੱਦਦ ਵਿਚ ਤੀਵੀਆਂ ਅਤੇ ਬਜ਼ੁਰਗਾਂ ਨੂੰ ਵੀ ਸੱਥਾਂ ਵਿਚ ਬੇਇਜ਼ਤ ਕੀਤਾ ਗਿਆ, ਜਿਨਾਂ ਬਾਰੇ ਥੋੜ੍ਹਾ ਜਿਹਾ ਵੀ ਸ਼ੱਕ ਸੀ ਕਿ ਉਹਨਾਂ ਦੇ ਮੁੰਡੇ ਇਸ ਐਜੀਟੇਸ਼ਨ ਨਾਲ ਸਬੰਧ ਰਖਦੇ ਹਨ। ਮੈਨੂੰ ਇਹ ਕਹਿਣ ਵਿਚ ਦੁੱਖ ਹੋ ਰਿਹਾ ਹੈ ਕਿ ਜੇਕਰ ਇਹੋ ਜਿਹਾ ਸਲੂਕ ਕਿਸੇ ਮਨਿਸਟਰ ਦੇ ਪੁੱਤਰ ਨਾਲ ਕੀਤਾ ਜਾਏ, ਜਿਹੜਾ ਅਪਣਾ ਰੋਸ ਸਿਰਫ ਬਸ ਘੇਰਾਓ ਦੀ ਸ਼ਕਲ ਵਿਚ ਕਰ ਰਿਹਾ ਹੋਵੇ ਤਾਂ ਉਹਦੇ ਉਤੇ ਕੀ ਗੁਜ਼ਰੇਗੀ ? ਤੁਸੀਂ ਉਹਨਾਂ ਨੌਜਵਾਨਾਂ ਉਤੇ ਤਾਂ ਅੰਨ੍ਹੀ ਕਾਰਵਾਈ ਕੀਤੀ ਪਰ ਤੁਹਾਡੀ ਪੁਲਸ ਉਸ ਵੇਲੇ ਖਲੋਤੀ ਦੀ ਖਲੋਤੀ ਹੀ ਰਹੀ, ਜਦੋਂ 21 ਜਨਵਰੀ ਅਸੈਂਬਲੀ ਦਾ ਘੇਰਾਓ ਹੋਇਆ। ਉਸ ਵੇਲੇ ਤਾਂ ਤੁਸੀਂ ਬਿਆਨ ਤੇ ਬਿਆਨ ਦੇਣੇ ਸ਼ੁਰੂ ਕਰ ਦਿਤੇ ਕਿ ਤੁਹਾਡੀ ਪੁਲਸ ਨੇ ਬੜੀ ਅਕਲਮੰਦੀ ਨਾਲ ਕੰਮ ਲਿਆ ਹੈ ਨਹੀਂ ਤਾਂ ਐਵੇਂ ਖੂਨ ਖਰਾਬਾ ਹੋ ਜਾਣਾ ਸੀ। ਪਰ ਇਹ ਅਕਲਮੰਦੀ ਉਸ ਵੇਲੇ ਕਿਥੇ ਪਰ ਲਗਾ ਕੇ ਉਡ ਜਾਂਦੀ ਹੈ, ਜਦੋਂ ਕਾਰਵਾਈ ਵਿਦਿਆਰਥੀਆਂ ਅਤੇ ਨੌਜਵਾਨਾਂ ਵਿਰੁਧ ਹੋ ਰਹੀ ਹੁੰਦੀ ਹੈ। ਕੀ ਵਿਦਿ-ਆਰਥੀਆਂ ਦਾ ਖੂਨ, ਖੂਨ ਨਹੀਂ ਹੁੰਦਾ ?

ਮੇਰਾ ਖਿਆਲ ਹੈ ਕਿ ਤੁਹਾਨੂੰ ਪਤਾ ਹੋਵੇਗਾ ਕਿ ਅਮਰੀਕਾ, ਇੰਗਲੈਂਡ, ਫਰਾਂਸ, ਜਰਮਨੀ ਆਦਿਕ ਦੇਸ਼ਾਂ ਵਿਚ ਯੂਨੀਵਰਸਟੀ ਦੇ ਵਿਦਿਆਰਥੀ ਕਿੰਨੇ ਖਾੜਕੂ ਹੁੰਦੇ ਹਨ। ਉਹਨਾਂ ਨੇ ਨਿਕਸਨ ਸਰਕਾਰ ਨੂੰ ਅਪਣੇ ਜ਼ੋਰਦਾਰ ਐਕਸ਼ਨ ਰਾਹੀਂ ਮਜਬੂਰ ਕਰ ਦਿਤਾ ਸੀ ਕਿ ਉਹ ਵੀਅਤਨਾਮ ਦੀ ਜੰਗ ਨੂੰ ਬੰਦ ਕਰੇ। ਪਰ ਕੀ ਕਦੀ ਤੁਸੀਂ ਸੁਣਿਆ ਏ ਕਿ ਉਹਨਾਂ ਯੂਨੀਵਰਸਟੀਆਂ ਵਿਚ ਕਦੀ ਕੀ ਪੁਲਸ ਵਲੋਂ ਵਿਦਿਆਰਥੀਆਂ ਤੇ ਗੋਲੀ ਚਲਾਈ ਗਈ ਹੈ ? ਉਹਨਾਂ ਦੇਸ਼ਾਂ ਵਿਚ ਵਿਦਿਆਰਥੀ ਵਰਗ ਦੀ ਆਵਾਜ਼ ਨੂੰ ਇਕ ਸਤਿਕਾਰਯੋਗ ਥਾਂ ਦਿਤੀ ਜਾਂਦੀ ਹੈ, ਅਖੋਂ ਪਰੋਖਾ ਨਹੀਂ ਕੀਤਾ ਜਾਂਦਾ।

ਮੈਂ ਮਹਿਸੂਸ ਕਰਦਾ ਹਾਂ ਕਿ ਤੁਹਾਡੀ ਸਰਕਾਰ ਵਿਦਿਆਰਥੀਆਂ ਵਿਰੁਧ ਬੇਲੋੜੀ ਤਸ਼ੱਦਦ ਅਤੇ ਦਹਿਸ਼ਤ ਦੀ ਮਸ਼ੀਨਰੀ ਦੀ ਵਰਤੋਂ ਕਰ ਰਹੀ ਹੈ। ਤੁਸੀਂ ਤਾਂ ਸਾਰੀ ਦੁਨੀਆਂ ਫਿਰੀ ਹੋਈ ਹੈ ਅਤੇ ਜਮਹੂਰੀ ਕਦਰਾਂ ਕੀਮਤਾਂ ਦੇ ਤੁਸੀਂ ਹਮੇਸ਼ਾਂ ਕਦਰਦਾਨ ਰਹੇ ਹੋ। ਤੁਹਾਡੀ ਚੀਫ ਮਨਿਸਟਰੀ ਦੇ ਥਲੇ ਜੋ ਕੁਝ ਹੋ ਰਿਹਾ ਹੈ, ਉਹ ਤੁਹਾਨੂੰ ਸ਼ੋਭਾ ਨਹੀਂ ਦੇਂਦਾ। ਤੁਹਾਨੂੰ ਲੋਕਾਂ ਦੇ ਪ੍ਰਤੀਕਰਮ ਦਾ ਭਲੀ ਪਰਕਾਰ ਹੁਣ ਤਕ ਪਤਾ ਲਗ ਗਿਆ ਹੈ। ਐਵੇਂ ਜ਼ਿਦ ਪਿੱਟਨਾ ਠੀਕ ਨਹੀਂ। ਸਾਰੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਫੌਰੀ ਤੌਰ ਤੇ ਰਿਹਾ ਕੀਤਾ ਜਾਵੇ, ਉਹਨਾਂ ਦੇ ਨੁਮਾਇੰਦਿਆਂ ਨੂੰ ਗੱਲ ਬਾਤ ਲਈ ਬੁਲਾਇਆ ਜਾਏ ਤਾਂ ਜੋ ਜਮਹੂਰੀ ਰਵੈਤਾਂ ਅਨੁਸਾਰ ਮਾਮਲੇ ਨੂੰ ਨਜਿਠਿਆ ਜਾਏ।

ਸਤਿਕਾਰ ਸਹਿਤ ਆਪ ਜੀ ਦਾ